World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਹਰਿਆਣਾ: ਕਿਸਾਨਾਂ ਨੇ ਭਾਜਪਾ ਦੇ ਝੰਡੇ ਉਤਾਰ ਤਿਰੰਗੇ ਲਾਏ



**ਚੰਡੀਗੜ੍ਹ।** ਹਰਿਆਣਾ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਤੇ ਜੇਜੇਪੀ ਆਗੂਆਂ ਦਾ ਪਹਿਲਾਂ ਹੀ ਵਿਰੋਧ ਕੀਤਾ ਜਾ ਰਿਹਾ ਹੈ। ਅੱਜ ਮੁੱਖ ਮੰਤਰੀ ਦੇ ਹਲਕੇ ਕਰਨਾਲ ਵਿੱਚ ਕਿਸਾਨਾਂ ਨੇ ਭਾਜਪਾ ਦੇ ਝੰਡਿਆਂ ਦਾ ਵਿਰੋਧ ਕੀਤਾ। ਹਰਿਆਣਾ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਦੌਰੇ ਤੋਂ ਪਹਿਲਾਂ ਖੰਡਾ ਚੌਕ ਵਿੱਚ ਲਾਏ ਭਾਜਪਾ ਦੇ ਝੰਡਿਆਂ ਨੂੰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਉਤਾਰ ਕੇ ਤਿਰੰਗੇ ਝੰਡੇ ਲਗਾ ਦਿੱਤੇ। ਪੁਲੀਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਅਤੇ ਦੋ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਜਿਨ੍ਹਾਂ ਨੂੰ ਬਾਅਦ ਵਿੱਚ ਛੱਡ ਦਿੱਤਾ ਗਿਆ।
ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਰਨਾਲ ਵਿੱਚ ਜ਼ਿਲ੍ਹਾ ਕਾਰਜਕਰਨੀ ਕਮੇਟੀ ਦੀ ਮੀਟਿੰਗ ਸਣੇ ਹੋਰਨਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪਹੁੰਚਣਾ ਸੀ। ਜਿਨ੍ਹਾਂ ਦੇ ਕਰਨਾਲ ਵਿੱਚ ਆਉਣ ਦੀ ਕਿਸਾਨ ਆਗੂਆਂ ਨੂੰ ਭਿਣਕ ਨਹੀਂ ਸੀ। ਪਰ ਮੁੱਖ ਮੰਤਰੀ ਦੇ ਦੌਰੇ ਤੋਂ ਪਹਿਲਾਂ ਖੰਡਾ ਚੌਕ ਸਣੇ ਵੱਖ-ਵੱਖ ਸੜਕਾਂ ’ਤੇ ਭਾਜਪਾ ਦੇ ਝੰਡੇ ਲਗਾਏ ਗਏ। ਇਸੇ ਦੌਰਾਨ ਮੁਹਾਲੀ ਤੋਂ ਦਿੱਲੀ ਲਈ ਚੱਲੇ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਾਲੇ ਕਾਫ਼ਲੇ ਦੇ ਸਵਾਗਤ ਲਈ ਪਹੁੰਚੇ ਕਿਸਾਨ ਆਗੂਆਂ ਨੇ ਭਾਜਪਾ ਦੇ ਝੰਡਿਆਂ ਦਾ ਵਿਰੋਧ ਕੀਤਾ।
ਕਿਸਾਨਾਂ ਦੇ ਵਿਰੋਧ ਦੀ ਜਾਣਕਾਰੀ ਮਿਲਦੇ ਹੀ ਹਰਿਆਣਾ ਪੁਲੀਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਆਗੂਆਂ ਨੇ ਭਾਜਪਾ ਦੇ ਝੰਡਿਆ ਦੀ ਥਾਂ ਤਿਰੰਗੇ ਝੰਡੇ ਫਹਿਰਾ ਦਿੱਤੇ। ਪੁਲੀਸ ਨੇ ਦੋ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਪਰ ਬਾਅਦ ਵਿੱਚ ਛੱਡ ਦਿੱਤਾ। ਉਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਬਾਅਦ ਦੁਪਹਿਰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕਰਨਾਲ ਦੌਰੇ ਦਾ ਵਿਰੋਧ ਕੀਤਾ। ਪੁਲੀਸ ਨੇ ਇਸ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਸਨ।
ਆਗੂਆਂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨ ਜਥੇਬੰਦੀਆਂ 7 ਮਹੀਨੇ ਤੋਂ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੀਆਂ ਹਨ। ਇਸ ਦੌਰਾਨ ਭਾਜਪਾ ਅਤੇ ਜੇਜੇਪੀ ਆਗੂਆਂ ਦਾ ਸਰਕਾਰੀ ਅਤੇ ਰਾਜਸੀ ਸਮਾਗਮਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਸ ਦੇ ਬਾਵਜੂਦ ਸੱਤਾਧਾਰੀ ਧਿਰਾਂ ਜਾਣਬੁੱਝ ਕੇ ਚੌਕਾਂ ਵਿੱਚ ਪਾਰਟੀ ਦੇ ਝੰਡੇ ਲਾ ਕੇ ਕਿਸਾਨਾਂ ਨੂੰ ਭੜਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਸੰਘਰਸ਼ ਜਾਰੀ ਰਹੇਗਾ।

## ਸ਼ਿਕਾਇਤ ਨਿਵਾਰਨ ਅਧਿਕਾਰੀ ਦੀ ਨਿਯੁਕਤੀ ਆਖ਼ਰੀ ਗੇੜ ’ਚ: ਟਵਿੱਟਰ



**ਨਵੀਂ ਦਿੱਲੀ।** ਟਵਿੱਟਰ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਹੈ ਕਿ ਕੰਪਨੀ ਨੇਮਾਂ ਦਾ ਪਾਲਣ ਕਰਵਾਉਣ ਲਈ ਅੰਤ੍ਰਿਮ ਮੁੱਖ ਕੰਪਲਾਇੰਸ ਅਧਿਕਾਰੀ ਤੇ ਰੈਜ਼ੀਡੈਂਟ ਸ਼ਿਕ-ਾਇਤ ਨਿਵਾਰਨ ਅਧਿਕਾਰੀ ਨਿਯੁਕਤ ਕਰਨ ਲਈ ‘ਆਖ਼ਰੀ ਗੇੜ’ ਦੀ ਕਾਰਵਾਈ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਨਵੇਂ ਆਈਟੀ ਨੇਮਾਂ ਤਹਿਤ ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਲਾਜ਼ਮੀ ਕੀਤੀ ਗਈ ਹੈ। ਕੰਪਨੀ ਵੱਲੋਂ ਹਾਈ ਕੋਰਟ ਵਿਚ ਹਲਫ਼ਨਾਮਾ ਦਾਇਰ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਜਦ ਤੱਕ ਅਧਿਕਾਰੀਆਂ ਦੀ ਨਿਯੁਕਤੀ ਮੁਕੰਮਲ ਕੀਤੀ ਜਾ ਰਹੀ ਹੈ ਉਦੋਂ ਤੱਕ ਭਾਰਤੀ ਖ਼ਪਤਕਾਰਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਇਕ ਅਧਿਕਾਰੀ ਨੂੰ ਤਾਇਨਾਤ ਕੀਤਾ ਗਿਆ ਹੈ। ਟਵਿੱਟਰ ਵੱਲੋਂ ਨਵੇਂ ਆਈਟੀ ਨੇਮਾਂ ਦਾ ਪਾਲਣ ਹਾਲੇ ਤੱਕ ਯਕੀਨੀ ਨਾ ਬਣਾਉਣ ’ਤੇ ਵਕੀਲ ਅਮਿਤ ਅਚਾਰੀਆ ਨੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਸੀ। ਟਵਿੱਟਰ ਨੇ ਕਿਹਾ ਕਿ ਕੰਪਨੀ ਵੱਲੋਂ ਪਹਿਲਾਂ ਭਾਰਤ ਵਿਚ ਅੰਤ੍ਰਿਮ ਸ਼ਿਕਾਇਤ ਅਧਿਕਾਰੀ ਲਾਇਆ ਵੀ ਗਿਆ ਸੀ। ਹਾਲਾਂਕਿ ਮਗਰੋਂ ਅਧਿਕਾਰੀ ਨੇ 21 ਜੂਨ ਨੂੰ ਅਹੁਦਾ ਛੱਡ ਦਿੱਤਾ ਸੀ। ਉਸ ਤੋਂ ਬਾਅਦ ਅਹੁਦਾ ਭਰਨ ਲਈ ਪ੍ਰਕਿਰਿਆ ਅਮਲ ਵਿਚ ਲਿਆਂਦੀ ਗਈ ਸੀ ਤੇ ਇਹ ਮੁਕੰਮਲ ਹੋਣ ਦੇ ਨੇੜੇ ਹੈ। -

## ਗੂਗਲ, ਫੇਸਬੁੱਕ ਵੱਲੋਂ ਨਵੇਂ ਆਈਟੀ ਨੇਮਾਂ ਤਹਿਤ ਰਿਪੋਰਟ ਦਾਇਰ

**ਨਵੀਂ ਦਿੱਲੀ।** ਸੂਚਨਾ ਤੇ ਪ੍ਰਸਾਰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਗੂਗਲ, ਫੇਸਬੁੱਕ ਤੇ ਇੰਸਟਾਗ੍ਰਾਮ ਵੱਲੋਂ ਸ਼ਿਕਾਇਤਾਂ ਦੇ ਨਿਬੇੜੇ ਬਾਰੇ ਪਹਿਲੀ ਵਾਰ ਰਿਪੋਰਟ ਦਾਇਰ ਕਰਨ ਦੀ ਸ਼ਲਾਘਾ ਕੀਤੀ ਹੈ। ਇਹ ਰਿਪੋਰਟ ਨਵੇਂ ਆਈਟੀ ਨੇਮਾਂ ਤਹਿਤ ਇਤਰਾਜ਼ਯੋਗ ਸਮੱਗਰੀ ਹਟਾਉਣ ਬਾਰੇ ਹੈ। ਕੇਂਦਰੀ ਮੰਤਰੀ ਨੇ ਇਸ ਨੂੰ ਪਾਰਦਰਸ਼ਤਾ ਵੱਲ ਵੱਡਾ ਕਦਮ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਨਵੇਂ ਆਈਟੀ ਨੇਮਾਂ ਤਹਿਤ ਵੱਡੇ ਡਿਜੀਟਲ ਪਲੈਟਫਾਰਮਾਂ ਲਈ (ਜਿਨ੍ਹਾਂ ਨਾਲ 50 ਲੱਖ ਤੋਂ ਵੱਧ ਲੋਕ ਜੁੜੇ ਹੋਏ ਹਨ) ਹਰੇਕ ਮਹੀਨੇ ‘ਕੰਪਲਾਇੰਸ ਰਿਪੋਰਟ’ ਦਾਖਲ ਕਰਨੀ ਜ਼ਰੂਰੀ ਕਰ ਦਿੱਤੀ ਗਈ ਹੈ। ਸਮੱਗਰੀ (ਕੰਟੈਂਟ) ਬਾਰੇ ਚੁੱਕੇ ਗਏ ਕਦਮਾਂ ਦੀ ਪੂਰੀ ਜਾਣਕਾਰੀ ਦੇਣੀ ਹੋਵੇਗੀ। ਪ੍ਰਸਾਦ ਨੇ ਟਵੀਟ ਕਰਦਿਆਂ ਕਿਹਾ ਕਿ ਗੂਗਲ, ਫੇਸਬੁੱਕ ਤੇ ਇੰਸਟਾਗ੍ਰਾਮ ਵੱਲੋਂ ਰਿਪੋਰਟ ਦੇਣੀ ਸਵਾਗਤਯੋਗ ਹੈ। ਇਨ੍ਹਾਂ ਤਿੰਨਾਂ ਪਲੈਟਫਾਰਮਾਂ ਵੱਲੋਂ ਰਿਪੋਰਟ ਜਮ੍ਹਾਂ ਕਰਵਾਏ ਜਾਣ ਨਾਲ ‘ਟਵਿੱਟਰ’ ਅਤੇ ਸਰਕਾਰ ਵਿਚਾਲੇ ਟਕਰਾਅ ਹੋਰ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ‘ਟਵਿੱਟਰ’ ਤੇ ਸਰਕਾਰ ਵਿਚਾਲੇ ਨਵੇਂ ਆਈਟੀ ਨੇਮਾਂ ’ਤੇ ਲੰਮੇ ਸਮੇਂ ਤੋਂ ਟਕਰਾਅ ਬਣਿਆ ਹੋਇਆ ਹੈ। ‘ਟਵਿੱਟਰ’ ਨੇ ਨਵੇਂ ਆਈਟੀ ਨੇਮਾਂ ਦੀ ਪਾਲਣਾ ਵਿਚ ਦੇਰੀ ਕੀਤੀ ਹੈ ਤੇ ਭਾਰਤ ’ਚ ਇਸ ਨੂੰ ਕਾਨੂੰਨੀ ਕਾਰਵਾਈ ਤੋਂ ਮਿਲੀ ਹੋਈ ਛੋਟ ਖ਼ਤਮ ਹੋ ਚੁੱਕੀ ਹੈ। ਫੇਸਬੁੱਕ ਨੇ ਸ਼ੁੱਕਰਵਾਰ ਕਿਹਾ ਕਿ ਇਸ ਨੇ 15 ਮਈ ਤੋਂ 15 ਜੂਨ ਤੱਕ 10 ਵੱਖ-ਵੱਖ ਵਰਗਾਂ ’ਚ ਉਲੰਘਣਾ ਦੇ ਘੇਰੇ ਵਿਚ ਆਉਂਦੇ ਆਨਲਾਈਨ ਕੰਟੈਂਟ ਦੇ ਤਿੰਨ ਕਰੋੜ ‘ਪੀਸ’ ਛਾਂਟ ਕੇ ਕਾਰਵਾਈ ਕੀਤੀ ਹੈ। ਇੰਸਟਾਗ੍ਰਾਮ ਨੇ ਨੌਂ ਵਰਗਾਂ ਵਿਚ ਉਲੰਘਣਾ ਦੇ ਦੋ ਕਰੋੜ ਮਾਮਲਿਆਂ ’ਚ ਕਾਰਵਾਈ ਕੀਤੀ ਹੈ। ਗੂਗਲ ਨੇ ਦੱਸਿਆ ਹੈ ਕਿ ਇਸ ਨੂੰ (ਗੂਗਲ ਤੇ ਯੂਟਿਊਬ ਨੂੰ) ਇਸ ਵਰ੍ਹੇ ਅਪਰੈਲ ਵਿਚ 27,762 ਸ਼ਿਕਾਇਤਾਂ ਮਿਲੀਆਂ ਸਨ ਜੋ ਕਿ ਸਥਾਨਕ ਕਾਨੂੰਨਾਂ ਤੇ ਨਿੱਜੀ ਹੱਕਾਂ ਦੀ ਉਲੰਘਣਾ ਨਾਲ ਜੁੜੀਆਂ ਸਨ। ਇਸੇ ਤਰ੍ਹਾਂ ‘ਕੂ’ ਐਪ ਨੇ ਵੀ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ ਹੈ।



OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਾਰਪੋਰੇਟ ਕਰਜ਼ ਮੁਆਫ਼ੀ: ਜਨਤਕ ਧਨ ਦੀ ਲੁੱਟ



ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੇ 'ਸੈਂਟਰ ਫਾਰ ਸਸਟੇਨੇਬਲ ਐਂਪਲਾਇਮੈਂਟ' ਦੀ ਰਿਪੋਰਟ ਵਿਚ ਆਖਿਆ ਗਿਆ ਹੈ ਕਿ ਮਹਾਮਾਰੀ ਦੇ ਪਹਿਲੇ ਸਾਲ ਦੌਰਾਨ ਹੀ 23 ਕਰੋੜ ਹੋਰ ਲੋਕ ਗ਼ੁਰਬਤ ਦੀ ਪਾਲ਼ ਵਿਚ ਸ਼ਾਮਲ ਹੋ ਚੁੱਕੇ ਹਨ। 'ਪੀਊ ਰਿਸਰਚ ਸੈਂਟਰ' ਵਲੋਂ ਕੀਤੇ ਗਏ ਅਧਿਐਨ ਵਿਚ ਲੇਖਾ ਜੋਖਾ ਕੀਤਾ ਗਿਆ ਹੈ ਕਿ ਮੱਧ ਵਰਗ ਵਿਚੋਂ 3.20 ਕਰੋੜ ਲੋਕ ਕਿਰ ਚੁੱਕੇ ਹਨ। ਇਹ ਮਹਾਮਾਰੀ ਦੇ ਪਹਿਲੇ ਸਾਲ ਦਾ ਅਨੁਮਾਨ ਹੈ। ਇਹ ਦੋਵੇਂ ਅਧਿਐਨ ਦੇਸ਼ ਨੂੰ ਅਗਾਹ ਕਰ ਰਹੇ ਹਨ ਕਿ ਮੱਧ ਵਰਗ ਅਤੇ ਗ਼ਰੀਬ ਵਰਗਾਂ 'ਤੇ ਮਹਾਮਾਰੀ ਦੀ ਬਹੁਤ ਤਿੱਖੀ ਸੱਟ ਵੱਜੀ ਹੈ।

ਸਾਨੂੰ ਅਜੇ ਤੱਕ ਪਤਾ ਨਹੀਂ ਲੱਗਿਆ ਕਿ ਘਾਤਕ ਸਾਬਿਤ ਹੋਈ ਦੂਜੀ ਲਹਿਰ ਦਾ ਅਸਰ ਕਿੰਨਾ ਗਹਿਰਾ ਹੈ। ਸਮਾਜ ਦੇ ਸਾਰੇ ਤਬਕੇ ਘੱਟ ਜਾਂ ਵੱਧ ਇਸ ਦੀ ਮਾਰ ਹੇਠ ਆਏ ਹਨ, ਪਰਿਵਾਰਕ ਬੱਚਤਾਂ ਵਿਚ ਚੋਖੀ ਕਮੀ ਆਈ ਹੈ, ਬੇਰੁਜ਼ਗਾਰੀ ਵਿਚ ਬਹੁਤ ਜ਼ਿਆਦਾ ਉਛਾਲ ਆਇਆ ਹੈ ਜਿਸ ਕਰ ਕੇ ਸਰਕਾਰ ਨੂੰ 80 ਕਰੋੜ ਲੋੜਵੰਦ ਲੋਕਾਂ ਲਈ ਪੰਜ ਕਿਲੋ ਰਾਸ਼ਨ ਦੀ ਯੋਜਨਾ ਨਵੰਬਰ ਤੱਕ ਵਧਾਉਣੀ ਪਈ ਹੈ ਜਦਕਿ ਆਖਰੀ ਤਿਮਾਹੀ ਵਿਚ ਸੂਚੀਬੱਧ ਕੰਪਨੀਆਂ ਦੇ ਕਾਰਪੋਰੇਟ ਮੁਨਾਫ਼ਿਆਂ ਵਿਚ 57.6 ਫ਼ੀਸਦ ਦਾ ਵਾਧਾ ਦਰਜ ਹੋਇਆ ਹੈ। ਮਹਾਮਾਰੀ ਦੇ ਅਸਰ ਕਾਰਨ ਜਦੋਂ ਅਰਥਚਾਰਾ ਲੜਖੜਾ ਰਿਹਾ ਹੈ ਤਾਂ ਵਾਧੂ ਪੂੰਜੀ ਦੇ ਝੋਕੇ ਕਾਰਨ ਸ਼ੇਅਰ ਬਾਜ਼ਾਰ ਛੜਪੇ ਮਾਰ ਕੇ ਵਧ ਰਿਹਾ ਹੈ। ਭਾਰਤ ਦੇ ਅਰਬਾਂਪਤੀਆਂ ਦੀ ਦੌਲਤ ਵਿਚ 35 ਫ਼ੀਸਦ ਵਾਧਾ ਹੋਇਆ ਹੈ ਜਦਕਿ 'ਬਲੂਮਬਰਗ' ਅਦਾਰੇ ਦਾ ਕਹਿਣਾ ਹੈ ਕਿ ਅੰਬਾਨੀ ਤੇ ਅਡਾਨੀ ਦੀ ਦੌਲਤ ਵਧ ਕੇ 84 ਅਰਬ ਡਾਲਰ ਤੇ 78 ਅਰਬ ਡਾਲਰ 'ਤੇ ਪਹੁੰਚ ਗਈ ਹੈ। ਧਨ ਕੁਬੇਰਾਂ ਦੇ ਧੌਲਰ ਭਰਦੇ ਹੀ ਜਾ ਰਹੇ ਹਨ ਜਦਕਿ ਮਹਾਮਾਰੀ ਨੇ ਗ਼ਰੀਬਾਂ ਦਾ ਕਚੂੰਬਰ ਕਰ ਦਿੱਤਾ ਹੈ।

ਕਾਰਪੋਰੇਟ ਮੁਨਾਫ਼ੇ ਵਧਣ ਨਾਲ ਜ਼ਰੂਰੀ ਨਹੀਂ ਕਿ ਅਮੀਰਾਂ ਤੋਂ ਟੈਕਸ ਦੀ ਉਗਰਾਹੀ ਵੀ ਵਧੀ ਹੋਵੇ। ਅਮੀਰਾਂ ਨੂੰ ਧੜਾਧੜ ਟੈਕਸ ਛੋਟਾਂ ਤੇ ਸਸਤੀਆਂ ਦਰਾਂ 'ਤੇ ਧਨ ਮੁਹੱਈਆ ਕਰਵਾਇਆ ਜਾ ਰਿਹਾ ਹੈ, ਦੂਜੇ ਪਾਸੇ ਦੇਸ਼ ਦੇ ਬਾਕੀ ਲੋਕ ਟੈਕਸਾਂ ਦੀ ਮਾਰ ਹੇਠ ਪਿਸ ਰਹੇ ਹਨ। ਕਾਰਪੋਰੇਟ ਟੈਕਸ ਵਸੂਲੀਆਂ ਵਿਚ ਭਾਰੀ ਕਮੀ ਆਈ ਹੈ ਤੇ ਇਹ ਪਿਛਲੇ ਦਸ ਸਾਲਾਂ ਦੌਰਾਨ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਈਆਂ ਹਨ। ਕਾਰਪੋਰੇਟ ਟੈਕਸ ਵਿਚ ਨਿਘਾਰ ਦਾ ਰੁਝਾਨ ਆਲਮੀ ਰੁਝਾਨ ਨਾਲ ਮੇਲ ਖਾ ਰਿਹਾ ਹੈ। ਵਿੱਤ ਮੰਤਰੀ ਨੇ 2019 ਵਿਚ ਕਾਰਪੋਰੇਟ ਟੈਕਸ ਆਧਾਰ (ਬੇਸ) 30 ਫ਼ੀਸਦ ਤੋਂ ਘਟਾ ਕੇ 22 ਫ਼ੀਸਦ ਕਰ ਦਿੱਤਾ ਸੀ ਅਤੇ ਨਵੀਆਂ ਨਿਰਮਾਣ ਕੰਪਨੀਆਂ ਲਈ ਕਾਰਪੋਰੇਟ ਟੈਕਸ 25 ਫ਼ੀਸਦ ਤੋਂ ਘਟਾ ਕੇ 15 ਫ਼ੀਸਦ ਕਰ ਦਿੱਤਾ ਸੀ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਮਾਲੀਆ ਘਾਟੇ ਦੇ ਰੂਪ ਵਿਚ 1.45 ਲੱਖ ਕਰੋੜ ਰੁਪਏ ਦਾ ਘਾਟਾ ਪਿਆ ਹੈ।

ਹੁਣ ਦੇਖਦੇ ਹਾਂ ਕਿ ਕਿਵੇਂ ਟੈਕਸ ਆਧਾਰ ਕਾਰ-ਪੋਰੇਟ ਤੋਂ ਔਸਤ ਘਰਾਂ 'ਤੇ ਤਬਦੀਲ ਕਰ ਦਿੱਤਾ ਗਿਆ ਹੈ। ਸਾਲ 2020-21 ਲਈ ਕਾਰਪੋਰੇਟ ਤੇ ਨਿੱਜੀ ਆਮਦਨ ਟੈਕਸ ਦੋਵਾਂ ਤੋਂ ਸਿੱਧੇ ਕਰਾਂ ਦੇ ਰੂਪ ਵਿਚ ਉਗਰਾਹੀਆਂ 9.45 ਲੱਖ ਕਰੋੜ ਰੁਪਏ ਰਹੀਆਂ ਸਨ ਜਦਕਿ ਅਸਿੱਧੇ ਕਰਾਂ ਦੀਆਂ ਉਗਰਾਹੀਆਂ ਵਧ ਕੇ 11.37 ਕਰੋੜ ਲੱਖ ਰੁਪਏ 'ਤੇ ਪਹੁੰਚ ਗਈਆਂ ਹਨ। ਇਸ ਤੋਂ ਇਲਾਵਾ ਪੈਟਰੋਲ ਤੇ ਡੀਜ਼ਲ ਉਪਰ ਆਬਕਾਰੀ ਤੇ ਵੈਟ ਜਿਹੇ ਟੈਕਸਾਂ ਦੇ ਰੂਪ ਵਿਚ ਆਮ ਆਦਮੀ ਦੀ ਜੇਬ 'ਚੋਂ 5.70 ਲੱਖ ਕਰੋੜ ਰੁਪਏ ਕੱਢ ਲਏ ਗਏ ਜਿਸ ਦਾ 60 ਫ਼ੀਸਦ ਹਿੱਸਾ ਦੁਪਹੀਆ ਵਾਹਨ ਚਲਾਉਣ ਵਾਲਿਆਂ ਦੀ ਜੇਬ 'ਚੋਂ ਆਇਆ ਸੀ। ਇਸ ਦੇ ਨਾਲ ਹੀ ਬਿਜਲੀ, ਪਲਾਟ ਦੀ ਰਜਿਸਟਰੀ ਅਤੇ ਸ਼ਰਾਬ 'ਤੇ ਲੱਗਣ ਵਾਲੇ ਸੈੱਸ ਵੀ ਜੋੜ ਲਓ ਤਾਂ ਆਮ ਆਦਮੀ ਵਲੋਂ ਅਦਾ ਕੀਤੇ ਜਾਣ ਵਾਲੇ ਅਸਿੱਧੇ ਕਰਾਂ ਦਾ ਹਿੱਸਾ ਬਹੁਤ ਵੱਡਾ ਬਣ ਜਾਂਦਾ ਹੈ। ਘੱਟੋ-ਘੱਟ ਹੁਣ ਵਿਅਕਤੀਗਤ ਟੈਕਸ ਦੇਣ ਵਾਲੇ ਲੋਕ ਇਹ ਦਾਅਵਾ ਹਰਗਿਜ਼ ਨਹੀ ਕਰ ਸਕਦੇ ਕਿ ਵਿਕਾਸ ਲਈ ਇਕੱਲੇ ਹੀ ਫੰਡ ਜੁਟਾਉਂਦੇ ਹਨ। ਸਿੱਧੇ ਕਰਾਂ ਦੇ ਤਾਣੇ-ਬਾਣੇ ਤੋਂ ਬਾਹਰ ਰਹਿੰਦੇ ਲੋਕੀਂ ਵੀ ਮਾਲੀਏ ਵਿਚ ਵੱਡਾ ਹਿੱਸਾ ਦੇ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਲਾਸਟਿਕ ਦੀ ਚੱਪਲ ਖਰੀਦਣ ਵਾਲਾ ਸਾਧਾਰਨ ਮਜ਼ਦੂਰ ਵੀ ਜੀਐੱਸਟੀ ਅਦਾ ਕਰ ਰਿਹਾ ਹੈ। ਦਰਅਸਲ, ਹੁਣ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਹਰ ਕੋਈ ਟੈਕਸ ਦੇ ਰਿਹਾ ਹੈ।

ਇਸ ਵੇਲੇ ਪਸ਼ੇਮਾਨੀ ਦੀ ਗੱਲ ਇਹ ਹੈ ਕਿ ਜਦੋਂ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿਚ ਕਾਰਪੋਰੇਟ ਮੁਨਾਫ਼ੇ ਦਾ ਹਿੱਸਾ ਵਧ ਕੇ 2.63 ਫ਼ੀਸਦ ਹੋ ਗਿਆ ਹੈ ਜੋ ਆਪਣੇ ਦਸ ਸਾਲਾਂ ਵਿਚ ਆਪਣੇ ਸਿਖਰਲੇ ਮੁਕਾਮ 'ਤੇ ਹੈ ਤਾਂ ਭਾਰਤੀ ਬੈਂਕਾਂ ਨੇ 2020-21 ਦੌਰਾਨ 1.53 ਲੱਖ ਕਰੋੜ ਰੁਪਏ ਦੇ ਅਣਮੁੜੇ ਕਾਰਪੋਰੇਟ ਕਰਜ਼ੇ ਵੱਟੇ ਖਾਤੇ ਪਾ ਦਿੱਤੇ ਹਨ। ਆਰਬੀਆਈ ਦੇ ਅਨੁਮਾਨ ਮੁਤਾਬਕ ਬੈਂਕਾਂ ਦੇ ਨਾ ਮੁੜਨ ਵਾਲੇ ਕਰਜ਼ੇ (ਐਨਪੀਏਜ਼) ਹੋਰ ਜ਼ਿਆਦਾ ਵਧਣ ਦਾ ਖਦਸ਼ਾ ਹੈ। ਇਸ ਦੌਰਾਨ 2017-18 ਤੋਂ ਲੈ ਕੇ ਪਿਛਲੇ ਚਾਰ ਸਾਲਾਂ ਦੌਰਾਨ ਵੱਟੇ ਖਾਤੇ ਪਾਏ ਗਏ ਕੁੱਲ ਕਰਜ਼ੇ 6.96 ਲੱਖ ਕਰੋੜ ਰੁਪਏ ਹੋ ਗਏ ਹਨ। ਜਦੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਉੱਠਦੀ ਹੈ ਤਾਂ ਸਾਰੇ ਪਾਸੇ ਹਾਏ ਤੋਬਾ ਮੱਚ ਜਾਂਦੀ ਹੈ ਪਰ ਬੈਂਕਾਂ ਵਲੋਂ ਹਰ ਸਾਲ ਕਾਰਪੋਰੇਟ ਘਰਾਣਿਆਂ ਦੀ ਕੀਤੀ ਜਾਂਦੀ ਕਰਜ਼ ਮੁਆਫ਼ੀ 'ਤੇ ਕੋਈ ਚੂੰ ਚਾਂ ਵੀ ਨਹੀਂ ਕਰਦਾ।

ਆਰਟੀਆਈ ਦੇ ਜਵਾਬ ਨੂੰ ਆਧਾਰ ਬਣਾ ਕੇ ਛਾਪੀ ਇਕ ਅਖ਼ਬਾਰੀ ਰਿਪੋਰਟ ਤੋਂ ਪਤਾ ਲੱਗਿਆ ਹੈ ਕਿ ਬੈਂਕਾਂ ਦਾ ਪੰਜ ਲੱਖ ਕਰੋੜ ਰੁਪਏ ਧੋਖਾਧੜੀਆਂ ਦੀ ਭੇਟ ਚੜ੍ਹ ਗਿਆ ਹੈ। ਫ਼ਰਜ਼ੀ ਲੈਣ ਦੇਣ ਦੇ ਇਨ੍ਹਾਂ ਖਾਤਿਆਂ ਵਿਚ ਦੇਸ਼ ਦੇ ਸਭ ਤੋਂ ਜ਼ਿਆਦਾ ਕਰਜ਼ ਲੈਣ ਵਾਲੇ ਚੋਟੀ ਦੇ 50 ਖਾਤਾਧਾਰਕਾਂ ਦੀ 76 ਫ਼ੀਸਦ ਹਿੱਸਾਪੱਤੀ ਬਣਦੀ ਹੈ।

ਦਿਲਚਸਪ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਕਰਜ਼ ਨਾ ਮੋੜਨ ਵਾਲੇ ਡਿਫਾਲਟਰਾਂ ਨੂੰ ਦੰਡ ਦੇਣ ਲਈ ਇਲਸੋਲਵੈਂਸੀ ਐਂਡ ਬੈਂਕ੍ਰਪਸੀ ਕੋਡ (ਆਈਬੀਸੀ) ਤਿਆਰ ਕੀਤਾ ਗਿਆ ਸੀ ਪਰ ਹਾਲੇ ਤੱਕ ਇਸ ਦੇ ਇੱਛਤ ਨਤੀਜੇ ਸਾਹਮਣੇ ਨਹੀਂ ਆਏ। ਪਿੱਛੇ ਜਿਹੇ ਇਨਸੌਲਵੈਂਸੀ ਦੇ ਦੋ ਕੇਸ ਸਾਹਮਣੇ ਆਏ ਸਨ ਜਿਨ੍ਹਾਂ ਵਿਚ ਬੈਂਕਾਂ ਤੇ ਕਰਜ਼ਦਾਤਿਆਂ ਨੂੰ 93 ਤੋਂ 96 ਫ਼ੀਸਦ 'ਹੇਅਰ ਕੱਟ' (ਮੁਆਫ਼ੀ) ਕਰਨੀ ਪਈ ਸੀ ਜਿਸ ਤੋਂ ਬਹੁਤ ਜ਼ਿਆਦਾ ਹੰਗਾਮਾ ਹੋਇਆ ਸੀ। ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨਸੀਐੱਲਟੀ) ਵਲੋਂ ਪ੍ਰਵਾਨਤ ਰਾਜ਼ੀਨਾਮੇ ਦੀ ਯੋਜਨਾ ਮੁਤਾਬਕ ਬੋਲੀਕਾਰ ਵੇਦਾਂਤਾ ਗਰੁਪ ਦੀ ਕੰਪਨੀ ਟਵਿਨ ਸਟਾਰ ਟੈਕਨੋਲੋਜੀਜ਼ ਨੇ ਕਰਜ਼ ਜਾਲ ਵਿਚ ਫਸੀਆਂ ਵਿਡੀਓਕਾਨ ਗਰੁਪ ਦੀਆਂ 13 ਕੰਪਨੀਆਂ 'ਤੇ ਭੰਗ ਦੇ ਭਾੜੇ ਹੀ ਕੰਟਰੋਲ ਜਮਾ ਲਿਆ। ਇਸ ਸਬੰਧ ਵਿਚ 64838.63 ਕਰੋੜ ਰੁਪਏ ਦੇ ਕਲੇਮਾਂ 'ਚੋਂ ਵੇਦਾਂਤਾ ਗਰੁਪ ਨੇ ਯਕਮੁਸ਼ਤ ਅਦਾਇਗੀ ਦੇ ਤੌਰ 'ਤੇ ਮਹਿਜ਼ 2962.02 ਕਰੋੜ ਰੁਪਏ ਅਦਾ ਕੀਤੇ ਜੋ ਕੁੱਲ ਦੇਣਦਾਰੀ ਦਾ ਸਿਰਫ਼ 4.15 ਫ਼ੀਸਦ ਬਣਦਾ ਹੈ। ਦੂਜੇ ਲਫ਼ਜ਼ਾਂ ਵਿਚ ਬੈਂਕਾਂ ਸਮੇਤ ਕਰਜ਼ਦਾਤਿਆਂ ਨੇ ਬਾਕੀ ਦੀ 95.85 ਫ਼ੀਸਦ ਰਕਮ ਮੁਆਫ਼ ਕਰ ਦਿੱਤੀ।

ਇਨਸੌਲਵੈਂਸੀ (ਬਿਮਾਰ ਇਕਾਈ) ਦੇ ਇਕ ਹੋਰ ਮਾਮਲੇ ਵਿਚ, ਕਈ ਬੈਂਕਾਂ ਸਮੇਤ ਸ਼ਿਵਾ ਇੰਡਸਟ੍ਰੀਜ਼ ਐਂਡ ਹੋਲਡਿੰਗਜ਼ ਦੇ ਕਰਜ਼ਦਾਤੇ ਕੁੱਲ ਦੇਣਦਾਰੀ ਦਾ 93.5 ਫ਼ੀਸਦ ਹਿੱਸਾ ਛੱਡਣ ਲਈ ਰਾਜ਼ੀ ਹੋ ਗਏ। 4863 ਕਰੋੜ ਰੁਪਏ ਦੀ ਕੁੱਲ ਬਣਦੀ ਰਕਮ 'ਚੋਂ ਉਨ੍ਹਾਂ ਨੂੰ ਸਿਰਫ਼ 313 ਕਰੋੜ ਰੁਪਏ ਹੀ ਮਿਲਣਗੇ। ਇਸ 'ਚੋਂ ਵੀ ਬੋਲੀ ਦੇਣ ਵਾਲੀ ਕੰਪਨੀ ਮੌਕੇ 'ਤੇ ਸਿਰਫ਼ ਪੰਜ ਕਰੋੜ ਰੁਪਏ ਅਦਾ ਕਰਨ ਲਈ ਤਿਆਰ ਹੋਈ। ਇਸ 'ਤੇ ਵਿੱਤੀ ਸਮੀਖਿਅਕ ਸੁਚੇਤਾ ਦਲਾਲ ਦੀ ਟਿੱਪਣੀ ਸੀ: "ਸਾਈਕਲ ਲਈ ਕਰਜ਼ੇ ਲੈ ਲਓ, ਫਿਰ ਦੇਖੋ ਬੈਂਕ ਤੁਹਾਡਾ ਕੀ ਹਾਲ ਕਰਦਾ ਹੈ।"

ਇਸ ਤਰ੍ਹਾਂ ਦੇ ਅਣਗਿਣਤ ਮਾਮਲੇ ਹਨ ਜਿੱਥੇ ਬੋਲੀਕਾਰ ਮਾਮੂਲੀ ਰਕਮ ਦੇ ਕੇ ਚਲਦੇ ਬਣੇ ਤੇ ਬੈਂਕਾਂ ਤੇ ਹੋਰਨਾਂ ਕਰਜ਼ਦਾਤਿਆਂ ਨੂੰ ਲੈਣਦਾਰੀ ਦਾ 80-95 ਫ਼ੀਸਦ ਤੱਕ ਹਿੱਸਾ ਛੱਡਣਾ ਪਿਆ। ਇਸ ਬਾਰੇ ਆਮ ਪ੍ਰਭਾਵ ਇਹ ਹੈ ਕਿ ਇਹ ਅਸਲ ਵਿਚ ਜਨਤਾ ਦੇ ਸਰਮਾਇਆ ਹੈ ਜੋ ਕਾਨੂੰਨੀ ਰਸਤਿਓਂ ਲੁਟਾਇਆ ਜਾ ਰਿਹਾ ਹੈ। ਆਖ਼ਰਕਾਰ, ਬੈਂਕਾਂ ਕੋਲ ਪਿਆ ਧਨ ਲੋਕਾਂ ਦਾ ਹੀ ਧਨ ਹੈ ਅਤੇ ਇਸ ਤਰ੍ਹਾਂ ਦੀਆਂ ਕਰਜ਼ ਮੁਆਫ਼ੀਆਂ ਦਾ ਮਤਲਬ ਹੈ ਲੋਕਾਂ ਦੇ ਧਨ ਦੀ ਦੋਵੇਂ ਹੱਥੀਂ ਲੁੱਟ। ਸ਼ਾਇਦ ਇਸੇ ਕਰ ਕੇ ਸਨਅਤਕਾਰ ਹਰਸ਼ ਗੋਇਨਕਾ ਨੇ ਤਿੱਖਾ ਟਵੀਟ ਕੀਤਾ ਹੈ: "ਪ੍ਰੋਮੋਟਰਾਂ ਨੇ ਇਕ ਪਾਸੇ ਆਪਣਾ ਧਨ ਜਮਾਂ ਕਰ ਲਿਆ ਹੈ, ਕੰਪਨੀ ਨੂੰ ਧੁਆਈ ਕਰਨ ਵਾਲਿਆਂ ਕੋਈ ਲਿਜਾਇਆ ਜਾਂਦਾ ਹੈ ਤੇ ਬੈਂਕਾਂ/ਐੱਨਸੀਐੱਲਟੀ ਤੋਂ 80-90 ਫ਼ੀਸਦ 'ਹੇਅਰ ਕੱਟ' ਲਿਆ ਜਾਂਦਾ ਹੈ- ਅੱਜ ਕੱਲ੍ਹ ਇਹ ਨਵਾਂ ਖੇਲ ਚੱਲ ਰਿਹਾ ਹੈ।" ਉਨ੍ਹਾਂ ਅੱਗੇ ਲਿਖਿਆ: "ਸਰਕਾਰ ਵਲੋਂ ਬਹੁਤ ਸਾਰੀਆਂ ਸੰਸਥਾਵਾਂ ਦੀ ਸਾਫ਼-ਸਫ਼ਾਈ ਕੀਤੀ ਗਈ ਹੈ, ਹੁਣ ਕਿਰਪਾ ਕਰ ਕੇ ਪੀਐੱਮਓ ਇੰਡੀਆ ਵਲੋਂ ਐੱਨਸੀਐੱਲਟੀ ਦੀ ਵੀ ਸਫ਼ਾਈ ਕੀਤੀ ਜਾਵੇ। ਅਸੀਂ ਆਪਣਾ ਮਿਹਨਤ ਮੁਸ਼ੱਕਤ ਨਾਲ ਕਮਾਇਆ ਆਪਣਾ ਪੈਸਾ ਇੰਜ ਲੁੱਟਣ ਨਹੀਂ ਦੇ ਸਕਦੇ।"

**ਦਵਿੰਦਰ ਸ਼ਰਮਾ**

## ਅਦਾਕਾਰ ਆਮਿਰ ਖ਼ਾਨ ਤੇ ਕਿਰਨ ਰਾਓ ਲੈਣਗੇ ਤਲਾਕ, 15 ਸਾਲ ਬਾਅਦ ਟੁੱਟਿਆ ਰਿਸ਼ਤਾ



**ਚੰਡੀਗੜ੍ਹ।** ਅਦਾਕਾਰ ਆਮਿਰ ਖਾਨ ਅਤੇ ਉਨ੍ਹਾਂ ਦੀ ਦੂਜੀ ਪਤਨੀ ਕਿਰਨ ਰਾਓ ਤਲਾਕ ਲੈਣਗੇ। ਆਮਿਰ ਅਤੇ ਕਿਰਨ ਨੇ ਆਪਣੇ ਤਲਾਕ ਦੀ ਖ਼ਬਰ ਸਾਂਝੀ ਕਰਦਿਆਂ ਸਾਂਝਾ ਬਿਆਨ ਜਾਰੀ ਕੀਤਾ ਹੈ। ਦੋਵਾਂ ਦਾ ਵਿਆਹ 15 ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਕਿਹਾ ਕਿ ਸਾਡਾ ਕਾਰੋਬਾਰੀ ਸਬੰਧ ਜਾਰੀ ਰਹੇਗਾ। ਅਸੀਂ ਇਕੱਠੇ ਬੱਚਿਆਂ ਦੀ ਦੇਖਭਾਲ ਕਰਾਂਗੇ। ਆਪਣੇ ਸਾਂਝੇ ਬਿਆਨ ਵਿੱਚ ਆਮਿਰ ਖਾਨ ਅਤੇ ਕਿਰਨ ਰਾਓ ਨੇ ਕਿਹਾ, 'ਇਨ੍ਹਾਂ 15 ਖ਼ੂਬਸੂਰਤ ਸਾਲਾਂ ਵਿੱਚ ਅਸੀਂ ਇਕੱਠੇ ਜ਼ਿੰਦਗੀ ਦੇ ਤਜਰਬੇ ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਸਾਡਾ ਰਿਸ਼ਤਾ ਸਿਰਫ ਵਿਸ਼ਵਾਸ, ਸਤਿਕਾਰ ਅਤੇ ਪਿਆਰ ਵਿੱਚ ਵਧਿਆ ਹੈ। ਹੁਣ ਅਸੀਂ ਆਪਣੀ ਜ਼ਿੰਦਗੀ ਦਾ ਨਵਾਂ ਅਧਿਆਇ ਸ਼ੁਰੂ ਕਰਨਾ ਚਾਹੁੰਦੇ ਹਾਂ। ਪਤੀ ਅਤੇ ਪਤਨੀ ਦੇ ਤੌਰ 'ਤੇ ਨਹੀਂ ਪਰ ਸਹਿ-ਮਾਤਾ-ਪਿਤਾ ਅਤੇ ਪਰਿਵਾਰ ਦੇ ਰੂਪ ਵਿੱਚ। ਅਸੀਂ ਕੁਝ ਸਮੇਂ ਪਹਿਲਾਂ ਵੱਖ ਹੋਣ ਦੀ ਯੋਜਨਾ ਬਣਾਈ ਸੀ ਤੇ ਹੁਣ ਇਸ ਨੂੰ ਰਸਮੀ ਰੂਪ ਦੇ ਰਹੇ ਹਾਂ।'

## ਵਿੰਬਲਡਨ: ਬੋਪੰਨਾ-ਸਾਨੀਆ ਦੀ ਜੋੜੀ ਨੇ ਮੈਚ ਜਿੱਤਿਆ



**ਲੰਡਨ।** ਭਾਰਤ ਦੀ ਸਾਨੀਆ ਮਿਰਜ਼ਾ ਤੇ ਰੋਹਨ ਬੋਪੰਨਾ ਦੀ ਜੋੜੀ ਨੇ ਅੱਜ ਵਿੰਬਲਡਨ ਦੇ ਮਿਸ਼ਰਤ ਡਬਲਜ਼ ਵਰਗ ਦੇ ਪਹਿਲੇ ਦੌਰ ਵਿਚ ਹੀ ਭਾਰਤ ਦੇ ਹੀ ਰਾਮਕੁਮਾਰ ਰਾਮਨਾਥਨ ਤੇ ਅੰਕਿਤਾ ਰੈਣਾ ਨੂੰ 6-2, 7-6 ਨਾਲ ਹਰਾ ਦਿੱਤਾ ਹੈ। ਗਰੈਂਡ ਸਲੈਮ ਟੂਰਨਾਮੈਂਟ ਦੇ ਓਪਨ ਵਿਚ ਪਹਿਲੀ ਵਾਰ ਦੋ ਭਾਰਤੀ ਟੀਮਾਂ ਇਕ ਦੂਜੇ ਖ਼ਿਲਾਫ਼ ਖੇਡ ਰਹੀਆਂ ਹਨ।

## ਕੁਲਦੀਪ ਬਿਸ਼ਨੋਈ ਦੇ ਲੜਕੇ ਭਵਿਆ ਤੇ ਅਦਾਕਾਰਾ ਮਹਿਰੀਨ ਪੀਰਜ਼ਾਦਾ ਦੀ ਮੰਗਣੀ ਟੁੱਟੀ



**ਹਿਸਾਰ।** ਕਾਂਗਰਸ ਆਗੂ ਕੁਲਦੀਪ ਬਿਸ਼ਨੋਈ ਦੇ ਲੜਕੇ ਭਵਿਆ ਬਿਸ਼ਨੋਈ ਤੇ ਅਦਾਕਾਰਾ ਮਹਿਰੀਨ ਕੌਰ ਪੀਰਜ਼ਾਦਾ ਨੇ ਆਪਸੀ ਸਹਿਮਤੀ ਨਾਲ ਮੰਗਣੀ ਤੋੜਨ ਦਾ ਐਲਾਨ ਕੀਤਾ ਹੈ। ਭਵਿਆ ਦੇ ਪਿਤਾ ਕੁਲਦੀਪ ਸਾਬਕਾ ਸੰਸਦ ਮੈਂਬਰ ਤੇ ਇਸ ਵੇਲੇ ਆਦਮਪੁਰ ਤੋਂ ਵਿਧਾਇਕ ਹਨ। ਦੱਸਣਯੋਗ ਹੈ ਕਿ ਭਵਿਆ ਨੇ 2019 ਦੀ ਲੋਕ ਸਭਾ ਚੋਣ ਹਿਸਾਰ ਤੋਂ ਲੜੀ ਸੀ। ਭਵਿਆ ਤੇ ਮਹਿਰੀਨ ਦੀ ਇਸ ਸਾਲ ਮਾਰਚ ਵਿਚ ਮੰਗਣੀ ਹੋਈ ਸੀ। ਬਠਿੰਡਾ ਦੀ ਮਹਿਰੀਨ ਨੇ 2016 ਵਿਚ ਤੇਲਗੂ ਫਿਲਮ ਨਾਲ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਮਾਰਚ 2017 ਵਿਚ ਹਿੰਦੀ ਫਿਲਮ 'ਫਿਲੌਰੀ' ਵਿਚ ਕੰਮ ਕੀਤਾ ਜਿਸ ਵਿਚ ਅਨੁਸ਼ਕਾ ਸ਼ਰਮਾ, ਦਲਜੀਤ ਦੁਸਾਂਝ ਤੇ ਸੂਰਜ ਸ਼ਰਮਾ ਨੇ ਅਦਾਕਾਰੀ ਕੀਤੀ ਸੀ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ ਵਿਖੇ ਵਨਮਹਾਉਤਸਵ ਸਪਤਾਹ ਮਨਾਇਆ ਗਿਆ

**ਕਰਤਾਰਪੁਰ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖਾਲਸਾ ਕਾਲਜ,ਕਰਤਾਰਪੁਰ ਵਿਖੇ 01ਜੁਲਾਈ ਤੋਂ 07ਜੁਲਾਈ ਤਕ ਵਨ ਮਹਾਉਤਸਵ ਸਪਤਾਹ ਮਨਾਇਆ ਜਾ ਰਿਹਾ ਹੈ ਕਾਲਜ ਦੇ ਪ੍ਰਿੰਸੀਪਲ ਡਾ. ਕਵਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੂਰੇ ਸਪਤਾਹ ਵਿੱਚ ਸਾਇੰਸ ਵਿਭਾਗ ਦੁਆਰਾ ਇੱਕ ਪ੍ਰੋਗਰਾਮ ਉਲੀਕਿਆ ਗਿਆ ਹੈ,ਜਿਸ ਵਿੱਚ ਵੱਖ - ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਜਿਨ੍ਹਾਂ ਵਿੱਚ ਹਰ ਸਟਰੀਮ ਦੇ ਵਿਦਿਆਰਥੀ ਹਿੱਸਾ ਲੈ ਰਹੇ ਹਨ ।

ਪ੍ਰਿੰਸੀਪਲ ਜੀ ਨੇ ਦੱਸਿਆ ਕਿ ਇਸ ਵਨਮਹਾਉਤਸਵ ਸਪਤਾਹ ਦਾ ਆਗਾਜ਼ 01ਜੁਲਾਈ ਨੂੰ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੀ ਹਾਜ਼ਰੀ ਵਿਚ ਇਕ ਫਲਦਾਰ ਬੂਟਾ ਲਗਾ ਕੇ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਦੁਆਰਾ ਵੱਖ - ਵੱਖ ਗਤੀਵਿਧੀਆਂ ਜਿਵੇਂ ਪੋਸਟਰ ਮੇਕਿੰਗ, ਫੋਟੋਗ੍ਰਾਫੀ, ਕੁਦਰਤੀ ਦ੍ਰਿਸ਼ ਨਾਲ ਸਬੰਧਤ ਵੀਡੀਓ ਆਦਿ ਵਿੱਚ ਹਿੱਸਾ ਲੈ ਰਹੇ ਹਨ।ਉਹਨਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦੀ ਮੁੱਖ ਗਤੀਵਿਧੀ ਇਹ ਹੈ ਕਿ ਹਰੇਕ ਵਿਦਿਆਰਥੀ ਲਈ ਇਕ ਪੌਦਾ ਲਗਾਉਣਾ ਲਾਜ਼ਮੀ ਹੋਵੇਗਾ ਅਤੇ ਉਹ ਇਸ ਪੌਦੇ ਨੂੰ ਲਗਾ ਕੇ ਕਾਲਜ ਲੈ ਕੇ ਆਵੇਗਾ ਅਤੇ ਆਪਣੀ ਪੜ੍ਹਾਈ ਦੇ ਕਾਰਜਕਾਲ ਦੌਰਾਨ ਉਸ ਦੀ ਦੇਖਭਾਲ ਕਰੇਗਾ।ਉਹਨਾਂ ਇਹ ਵੀ ਕਿਹਾ ਕਿ ਇਸ ਕੋਰੋਨਾ ਜਿਹੀ ਸਰਵ



ਵਿਆਪੀ ਮਹਾਂਮਾਰੀ ਦੌਰਾਨ ਅਸੀਂ ਹਰ ਯਤਨ ਕਰ ਰਹੇ ਹਾਂ ਕਿ ਵਿਦਿਆਰਥੀਆਂ ਨੂੰ ਰੁੱਖਾਂ ਦੇ ਮਹੱਤਵ ਅਤੇ ਧਰਤੀ ਮਾਂ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ ਜਾਵੇ।ਉਹਨਾਂ ਇਸ ਗੱਲ ਤੇ ਵੀ ਰਚਨਾ ਪਾਇਆ ਕਿ ਜ਼ਿਆਦਾਤਰ ਗਤੀਵਿਧੀਆਂ ਆਨਲਾਈਨ ਮਾਧਿਅਮ ਦੁਆਰਾ ਕਰਵਾਈਆਂ ਜਾ ਰਹੀਆਂ ਹਨ।

# ਬਿਜਲੀ ਬਿੱਲ ਬਕਾਏ ਦਾ ਮਾਮਲਾ: ਨਵਜੋਤ ਕੌਰ ਸਿੱਧੂ ਨੇ ਸੁਖਬੀਰ ਬਾਦਲ ’ਤੇ ਗੁੱਸਾ ਕੱਢਿਆ

**ਪਟਿਆਲਾ।** ਸਿੱਧੂ ਪਰਿਵਾਰ ਵੱਲ ਖੜ੍ਹੇ ਬਿਜਲੀ ਬਿੱਲ ਦੇ ਬਕਾਏ ਸਬੰਧੀ ਸਥਿਤੀ ਸਪੱਸ਼ਟ ਕਰਦਿਆਂ ਬੀਬੀ ਨਵਜੋਤ ਕੌਰ ਸਿੱਧੂ ਨੇ ਆਖਿਆ ਹੈ ਕਿ ਬਿਜਲੀ ਦੇ ਵੱਧ ਬਿੱਲ ਸਬੰਧੀ ਉਨ੍ਹਾਂ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ, ਜਿਸ ਕਾਰਨ ਇਹ ਬਕਾਇਆ ਵਧ ਕੇ ਲੱਖਾਂ ਰੁਪਏ ਹੋ ਗਿਆ ਹੈ। ਦੂਜੇ ਬੰਨੇ ਇਸ ਮਾਮਲੇ 'ਤੇ ਉਂਗਲ ਉਠਾਉਣ ਸਬੰਧੀ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਔਕਾਤ ਵਿੱਚ ਰਹਿਣ ਦੀ ਨਸੀਹਤ ਵੀ ਦਿੱਤੀ ਹੈ। ਇਸਦੇ ਨਾਲ ਹੀ ਬੀਬੀ ਸਿੱਧੂ ਨੇ ਸ੍ਰੀ ਬਾਦਲ ’ਤੇ ਪੰਜਾਬ ਨੂੰ ਲੁੱਟ ਕੇ ਖਾ ਲੈਣ ਦੇ ਗੰਭੀਰ ਦੋਸ਼ ਵੀ ਲਾਏ ਹਨ। ਉਨ੍ਹਾਂ ਬਾਦਲ ਪਰਿਵਾਰ 'ਤੇ ਇਲਾਜ ਅਤੇ ਸਫ਼ਰ ਦੇ ਨਾਮ 'ਤੇ ਸਰਕਾਰੀ ਖ਼ਜ਼ਾਨੇ ’ਚੋਂ ਕਰੋੜਾਂ ਰੁਪਏ ਲੈਣ ਦੇ ਦੋਸ਼ ਵੀ ਲਾਏ। ਇੱਥੇ ਨਾਲ ਹੀ ਉਨ੍ਹਾਂ ਨੇ ਇਹ ਵੀ ਆਖਿਆ ਕਿ ਸਿੱਧੂ ਪਰਿਵਾਰ ਨੇ ਅੱਜ ਤਕ ਕਦੇ ਵੀ ਆਪਣੇ ਇਲਾਜ ਲਈ ਸਰਕਾਰੀ ਖ਼ਜ਼ਾਨੇ ’ਚੋਂ ਕੋਈ ਪੈਸਾ ਨਹੀਂ ਲਿਆ ਪਰ ਸੁਖਬੀਰ ਬਾਦਲ ਤਾਂ ਧਾਰਮਿਕ ਅਸਥਾਨਾ ਵਿੱਚ ਮੱਥਾ ਟੇਕਣ ਵੇਲੇ ਵੀ ਆਪਣੇ ਨਾਲ ਦੇ ਕਿਸੇ ਸਾਥੀ ਦੀ ਜੇਬ੍ਹ 'ਤੇ ਅੱਖ ਰੱਖਦਾ ਹੈ। ਬੀਬੀ ਸਿੱਧੂ ਨੇ ਇਹ ਵੀ ਆਖਿਆ



ਕਿ ਬੜੇ ਸ਼ਰਮ ਦੀ ਗੱਲ ਹੈ ਕਿ ਸੁਖਬੀਰ ਬਾਦਲ ਵਰਗਾ ਬੰਦਾ ਉਸ ਸ਼ਖਸ 'ਤੇ ਉਂਗਲ ਚੁੱਕ ਰਿਹਾ ਹੈ' ਜਿਹੜਾ ਆਪਣੇ ਪੱਲਿਓਂ ਲੋਕਾਂ ਲਈ ਕਰੋੜਾਂ ਰੁਪਏ ਖਰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਅੱਜ ਪੰਜਾਬ ਵਾਸੀਆਂ ਲਈ ਇੱਕ ਕਰੋੜ ਰੁਪਏ ਸਾਲਾਨਾ ਦੀ ਕਾਰੋਬਾਰ ਛੱਡ ਕੇ ਪੰਜਾਬ ਵਿੱਚ ਬੈਠੇ ਹਨ।

# ਕਰਤਾਰਪੁਰ ਵਿੱਚ 2800 ਕੋਰੋਨਾ ਵੈਕਸੀਨ ਦੇ ਟੀਕੇ ਲਗਾਏ ਗਏ

**ਕਰਤਾਰਪੁਰ:( ਜਸਵੰਤ ਵਰਮਾ, ਦਿਨੇਸ਼ ਕੁਮਾਰ )** ਸਿਹਤ ਵਿਭਾਗ ਵੱਲੋਂ ਐਸ.ਐਮ.ਓ ਡਾ: ਕੁਲਦੀਪ ਸਿੰਘ ਦੀ ਨਿਗਰਾਨੀ ਹੇਠ ਟੀਕੇ ਲਗਾਏ ਗਏ, ਅੱਜ ਇੱਕ ਹਫ਼ਤੇ ਬਾਅਦ ਕਰਤਾਰਪੁਰ ਬਲਾਕ ਵਿੱਚ ਕੋਰੋਨਾ ਟੀਕਾ ਪਹੁੰਚਣ ਤੋਂ ਬਾਅਦ, ਪਰ ਅੱਜ ਇੱਥੇ ਕੇਂਦਰਾਂ ਵਿੱਚ ਭਾਰੀ ਭੀੜ ਸੀ ਅਤੇ ਕੋਵਿਡ -19 ਵੱਲੋਂ ਜਾਰੀ ਨਿਰਦੇਸ਼ ਇਸ ਦੌਰਾਨ ਨੋਡਲ ਅਫਸਰ ਸਿਕੰਦਰ ਲਾਲ ਨੇ ਲੋਕਾਂ ਨੂੰ ਵਾਰ ਵਾਰ ਸਮਝਾਇਆ ਅਤੇ ਆਰਾਮ ਨਾਲ ਟੀਕਾ ਲਗਵਾਉਣ ਲਈ ਕਿਹਾ ਗਿਆ।

ਅੱਜ ਕਰਤਾਰਪੁਰ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਇਲਾਵਾ ਕਰਤਾਰਪੁਰ ਬਲਾਕ ਦੇ ਲਗਭਗ 2 ਦਰਜਨ ਕੇਂਦਰਾਂ ਨੂੰ ਸਿਹਤ ਵਿਭਾਗ ਦੀ ਟੀਮ ਵੱਲੋਂ ਟੀਕਾ ਲਗਾਇਆ ਗਿਆ, ਨੋਡਲ ਅਫ਼ਸਰ ਸਿਕੰਦਰ ਲਾਲ ਨੇ ਦੱਸਿਆ ਕਿ ਕਰਤਾਰਪੁਰ ਬਲਾਕ ਵਿੱਚ 28 ਸੌ ਟੀਕੇ ਲਗਾਏ ਗਏ ਹਨ।



# ਬਿਜਲੀ ਸੰਕਟ ਤੇ ਤੇਲ ਕੀਮਤਾਂ ਨੇ ਚੜ੍ਹਾਇਆ ਸਿਆਸੀ ਪਾਰਾ

## ਕਿਸਾਨ ਯੂਨੀਅਨ ਨੇ ਡੀਸੀ ਅਤੇ ਐਸਡੀਐੱਮ ਦਫਤਰ ਘੇਰੇ

**ਚੰਡੀਗੜ੍ਹ।** ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਆਪਣੀਆਂ ਮੰਗਾਂ ਬਾਰੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਵੱਖ ਵੱਖ ਮੰਗ ਪੱਤਰ ਮੌਕੇ ’ਤੇ ਹਾਜ਼ਰਿ ਅਧਿਕਾਰੀਆਂ ਨੂੰ ਸੌਂਪੇ ਗਏ। ਧਰਨਿਆਂ ’ਚ ਔਰਤਾਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ, ਟਰਾਂਸਪੋਰਟਰਾਂ, ਮੁਲਾਜ਼ਮਾਂ ਤੇ ਛੋਟੇ ਕਾਰੋਬਾਰੀਆਂ ਨੇ ਸ਼ਮੂਲੀਅਤ ਕੀਤੀ। ਧਰਨਿਆਂ ਦੀ ਸ਼ੁਰੂਆਤ ਕਾਲੇ ਕਾਨੂੰਨਾਂ ਵਿਰੁੱਧ ਕਿਸਾਨ ਮੋਰਚਿਆਂ ਵਿੱਚ ਸ਼ਹੀਦ ਹੋ ਚੁੱਕੇ 500 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਕੀਤੀ ਗਈ। ਮੁੱਖ ਬੁਲਾਰਿਆਂ ਵਿੱਚ ਝੰਡਾ ਸਿੰਘ ਜੇਠੂਕੇ, ਹਰਦੀਪ ਸਿੰਘ ਟੱਲੇਵਾਲ, ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ ਅਤੇ ਜ਼ਿਲ੍ਹਾ ਤੇ ਬਲਾਕ ਪੱਧਰੀ ਕਿਸਾਨ ਆਗੂਆਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਜ਼ੋਰਾ ਸਿੰਘ ਨਸਰਾਲੀ, ਲਛਮਣ ਸਿੰਘ ਸੇਵੇਵਾਲਾ ਅਤੇ ਟਰਾਂਸਪੋਰਟਰ, ਮੁਲਾਜ਼ਮ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਸਨ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਸਾਮਰਾਜੀ ਕਾਰਪੋਰੇਟਾਂ ਪੱਖੀ ਨੀਤੀਆਂ ਕਾਰਨ ਹੀ ਡੀਜ਼ਲ, ਪੈਟਰੋਲ, ਰਸੋਈ ਗੈਸ ਦੇ ਰੇਟਾਂ ਵਿੱਚ ਲੱਕਤੋੜਵਾਂ ਵਾਧਾ ਜਾਰੀ ਹੈ। ਉਨ੍ਹਾਂ ਕਿਹਾ ਕਿ ਇਰਾਕ ਯੁੱਧ ਦੇ ਸਮੇਂ ਨਾਲੋਂ ਕੱਚੇ ਤੇਲ ਦੇ ਕੌਮਾਂਤਰੀ ਭਾਅ ਤਾਂ ਅਜੇ ਵੀ ਅੱਧ ਤੋਂ ਥੱਲੇ ਹਨ, ਪਰ ਖਪਤਕਾਰਾਂ ਤੋਂ ਉਸ ਵੇਲੇ ਨਾਲੋਂ ਢਾਈ ਗੁਣਾ ਤੋਂ ਵੀ ਵੱਧ ਰੇਟ ਵਸੂਲੇ ਜਾ ਰਹੇ ਹਨ। ਭਾਜਪਾ ਸਰਕਾਰ ਨੇ ਅਖੌਤੀ ਨਵੀਆਂ ਆਰਥਿਕ ਨੀਤੀਆਂ ਤਹਿਤ ਨਿੱਜੀ ਤੇਲ ਕੰਪਨੀਆਂ ਨੂੰ ਮਨਮਰਜ਼ੀ ਨਾਲ ਰੋਜ਼ਾਨਾ ਰੇਟ ਵਧਾਉਣ ਦੀ ਖੁੱਲ੍ਹ ਦੇ ਰੱਖੀ ਹੈ। ਖੇਤੀ ਖਰਚਿਆਂ ਤੋਂ ਇਲਾਵਾ ਆਮ ਮਹਿੰਗਾਈ ’ਚ ਭਾਰੀ ਵਾਧੇ ਲਈ ਸਿੱਧੇ ਤੌਰ ’ਤੇ ਜ਼ੰਮੇਵਾਰ ਇਨ੍ਹਾਂ ਈਂਧਣਾਂ ਨੂੰ ਜੀਐੱਸਟੀ ਦੇ ਦਾਇਰੇ ਤੋਂ ਬਾਹਰ ਰੱਖ ਕੇ 150 ਫੀਸਦ ਤੱਕ ਸਰਕਾਰੀ ਟੈਕਸ ਵੀ ਲਾਏ ਹੋਏ ਹਨ। ਸਾਰੇ ਗੁਆਂਢੀ ਦੇਸ਼ਾਂ ’ਚ ਡੀਜ਼ਲ, ਪੈਟਰੋਲ, ਰਸੋਈ ਗੈਸ ਦੇ ਰੇਟ ਭਾਰਤ ਨਾਲੋਂ ਬਹੁਤ ਘੱਟ ਹਨ। ਪ੍ਰਧਾਨ ਮੰਤਰੀ ਨੂੰ ਭੇਜੇ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਡੀਜ਼ਲ-ਪੈਟਰੋਲ ਦਾ ਸਾਰਾ ਕਾਰੋਬਾਰ ਸਰਕਾਰੀ ਹੱਥਾਂ ’ਚ ਲਿਆ ਜਾਵੇ ਅਤੇ ਇਸ ਨੂੰ ਜੀਐੱਸਟੀ ਦੀ 5 ਫੀਸਦ ਟੈਕਸ ਸ਼੍ਰੇਣੀ ’ਚ ਸ਼ਾਮਲ ਕਰਕੇ ਇਨ੍ਹਾਂ ਦੀ ਸਪਲਾਈ ‘ਨਾ ਲਾਭ ਨਾ ਹਾਨੀ’ ਦੇ ਆਧਾਰ ’ਤੇ ਸਸਤੇ ਰੇਟਾਂ ’ਤੇ ਕੀਤੀ ਜਾਵੇ।

ਬੁਲਾਰਿਆਂ ਨੇ ਪੰਜਾਬ ਸਰਕਾਰ ’ਤੇ ਦੋਸ਼ ਲਾਇਆ ਕਿ ਖੇਤੀ ਲਈ ਐਲਾਨੀ



ਗਈ ਰੋਜ਼ਾਨਾ 8 ਘੰਟੇ ਬਿਜਲੀ ਸਪਲਾਈ ਯਕੀਨੀ ਨਾ ਬਣਾਉਣ ਅਤੇ ਨਹਿਰੀ ਪਾਣੀ ਟੇਲਾਂ ਤੱਕ ਪੂਰਾ ਪਹੁੰਚਦਾ ਨਾ ਕਰਨ ਕਰਕੇ ਅਤਿ ਮਹਿੰਗੇ ਡੀਜ਼ਲ ਦੀ ਵਧੇਰੇ ਖਪਤ ਕਾਰਨ ਕਿਸਾਨਾਂ ਦੇ ਲਾਗਤ ਖਰਚੇ ਵੱਧ ਰਹੇ ਹਨ। ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਖੇਤੀ ਲਈ 8 ਘੰਟੇ ਬਿਜਲੀ ਸਪਲਾਈ ਤੇ ਨਹਿਰੀ ਪਾਣੀ ਟੇਲਾਂ ਤੱਕ ਪੂਰਾ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਘਰੇਲੂ ਬਿਜਲੀ ਸਪਲਾਈ ਵਿੱਚ ਅਣਐਲਾਨੇ ਬਿਜਲੀ ਕੱਟ ਬੰਦ ਕੀਤੇ ਜਾਣ। ਪਾਵਰਕੌਮ ਦਫਤਰਾਂ ਵਿੱਚ ਲੋੜੀਂਦੇ ਸਟਾਫ ਅਤੇ ਟੈਕਨੀਕਲ ਸਾਮਾਨ ਦੀ ਕਮੀ ਤੁਰੰਤ ਪੂਰੀ ਕੀਤੀ ਜਾਵੇ। ਇਨ੍ਹਾਂ ਮੰਗਾਂ ਨੂੰ ਲੈ ਕੇ ਪਹਿਲਾਂ ਹੀ ਕਿਸਾਨਾਂ ਵੱਲੋਂ ਬਿਜਲੀ ਅਧਿਕਾਰੀਆਂ ਵਿਰੁੱਧ ਥਾਂ-ਥਾਂ ਧਰਨੇ ਘਿਰਾਓ ਜਾਰੀ ਹਨ। ਉੱਪਰੋਂ ਮੀਂਹ ਨਾਮ-ਾਤਰ ਪੈਣ ਕਾਰਨ ਬਣ ਰਹੀ ਸੋਕੇ ਵਰਗੀ ਸਥਿਤੀ ਨਾਲ ਨਜਿੱਠਣ ਲਈ ਲੋੜੀਂਦੀ ਹੋਰ ਵਧੇਰੇ ਬਿਜਲੀ ਦੇ ਅਗਾਊਂ ਪ੍ਰਬੰਧਾਂ ਵੱਲ ਵੀ ਬੁਲਾਰਿਆਂ ਨੇ ਸਰਕਾਰ ਦਾ ਧਿਆਨ ਦਿਵਾਇਆ। ਇਸ ਮੌਕੇ ਗਾਜੀਪੁਰ-ਦਿੱਲੀ ਹੱਦ ’ਤੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਮੋਰਚੇ ਵਿੱਚ ਡਟੇ ਹੋਏ ਕਿਸਾਨਾਂ ਉੱਤੇ ਭਾਜਪਾ ਕਾਰਕੁਨਾਂ ਵੱਲੋਂ ਕੀਤੇ ਗਏ ਹਮਲੇ ਦੀ ਸਖਤ ਨਿਖੇਧੀ ਕਰਨ ਵਾਲੇ ਮਤੇ ਪਾਸ ਕੀਤੇ ਗਏ। ਮਤਿਆਂ ਵਿੱਚ ਬੀਤੇ ਦਿਨ ਚੰਡੀਗੜ੍ਹ ਪੁਲੀਸ ਵੱਲੋਂ ਕੱਚੇ ਅਧਿਆਪਕਾਂ ’ਤੇ ਕੀਤੇ ਲਾਠੀਚਾਰਜ ਅਤੇ ਪਾਣੀ ਦੀਆਂ ਤੇਜ਼ ਬੁਛਾੜਾਂ ਦੀ ਵੀ ਨਿੰਦਾ ਕੀਤੀ।

# ਸਵ. ਮਹੰਤ ਤਿਲਕ ਰਾਜ ਜੀ ਦੀ 11ਵੀਂ ਬਰਸੀ ਮੌਕੇ ਗਊਸ਼ਾਲਾ ਵਿਖੇ ਲੰਗਰ ਲਗਾਇਆ ਗਿਆ

**ਨਕੋਦਰ (ਟੋਨੀ)** ਸ੍ਰੀ ਕ੍ਰਿਸ਼ਨਾ ਗਊਸ਼ਾਲਾ ਨਕੋਦਰ ਵਿਖੇ ਸਵ. ਮਹੰਤ ਤਿਲਕ ਰਾਜ ਜੀ ਦੀ 11ਵੀਂ ਬਰਸੀ ਮੌਕੇ ਉਹਨਾਂ ਦੇ ਪਰਿਵਾਰ ਵੱਲੋਂ ਲੰਗਰ ਲਗਾਇਆ ਗਿਆ। ਇਸ ਮੌਕੇ ਰਾਜ ਕੁਮਾਰ ਸ਼ਰਮਾ ਪ੍ਰਧਾਨ, ਅਸ਼ੋਕ ਜੈਨ ਸ਼ਾਹਕੋਟ, ਮਦਨ ਲਾਲ ਸ਼ਰਮਾ, ਸੋਨੂੰ ਸ਼ਰਮਾ, ਗੁਲਸ਼ਨ ਸ਼ਰਮਾ, ਪਵਨ ਸ਼ਰਮਾ, ਗਗਨ ਸ਼ਰਮਾ, ਪਿੰਦਰ ਮੰਤਰੀ, ਅਥਰਵ ਸ਼ਰਮਾ, ਇਸ਼ਾਨ ਸ਼ਰਮਾ, ਸਿਕੰਦਰ ਪਹਿਲਵਾਨ, ਸ਼ਾਮ ਲਾਲ ਜਾਵਾ, ਦਲਜੀਤ ਪੱਪੂ, ਬਿੱਲੂ, ਅਨਿਲ ਸ਼ਰਮਾ, ਕਿਸ਼ਨ ਲਾਲ, ਟਿੰਕਾ ਪਹਿ-ਲਵਾਨ ਸ਼ਾਹਕੋਟ ਆਦਿ ਹਾਜ਼ਰ ਸਨ।



# ਪੀਯੂ ’ਚ ਰਾਜ ਪ੍ਰਬੰਧ ਸੁਧਾਰਾਂ ਲਈ ਰਿਪੋਰਟ ਸੌਂਪੀ

**ਚੰਡੀਗੜ੍ਹ।** ਪੰਜਾਬ ਯੂਨੀਵਰਸਿਟੀ ਵਿੱਚ ਗਵਰਨੈਂਸ ਰਿਫ਼ਾਰਮਜ਼ ਲਾਗੂ ਕਰਨ ਸਬੰਧੀ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਐਮ.ਵੈਂਕਈਆ ਨਾਇਡੂ (ਦੇਸ਼ ਦੇ ਉਪ-ਰਾਸ਼ਟਰਪਤੀ) ਵੱਲੋਂ ਸੈਂਟਰਲ ਯੂਨੀਵਰਸਿਟੀ ਬਠਿੰਡਾ ਦੇ ਵਾਈਸ ਚਾਂਸਲਰ ਪ੍ਰੋ. ਆਰ.ਪੀ. ਤਿਵਾੜੀ ਦੀ ਅਗਵਾਈ ਵਿੱਚ ਗਠਿਤ ਕੀਤੀ ਗਈ ਮਾਹਿਰਾਂ ਦੀ ਉੱਚ ਪੱਧਰੀ ਕਮੇਟੀ ਵੱਲੋਂ ਆਪਣੀ ਰਿਪੋਰਟ ਜਮ੍ਹਾਂ ਕਰਵਾ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਉੱਚ ਪੱਧਰੀ ਕਮੇਟੀ ਵੱਲੋਂ ਦਿੱਤੀ ਗਈ ਫਾਈਨਲ ਰਿਪੋਰਟ ਵਿੱਚ ਗਵਰਨਿੰਗ ਬਾਡੀਜ਼ ‘ਸੈਨੇਟ’ ਅਤੇ ‘ਸਿੰਡੀਕੇਟ’ ਨੂੰ ਬਰਕਰਾਰ ਰੱਖਿਆ ਗਿਆ ਹੈ। ਪ੍ਰਸਤਾਵਿਤ ਸੈਨੇਟ ਦੀ ਰਚਨਾ ਐਕਸ-ਆਫੀਸ਼ਿਓ, ਚੁਣੇ ਗਏ ਅਤੇ ਨਾਮਜ਼ਦ ਮੈਂਬਰਾਂ ਦਾ ਸੁਮੇਲ ਹੈ। ਕਮੇਟੀ ਵੱਲੋਂ ਇਨ੍ਹਾਂ ਦੋਵੇਂ ਬਾਡੀਜ਼ ਨੂੰ ਘਟਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਸੈਨੇਟ ਦੀ ਮੌਜੂਦਾ 93 ਮੈਂਬਰੀ ਸੰਸਥਾ ਨੂੰ 47 ਮੈਂਬਰਾਂ ਦੀ ਹੋਣ ਦਾ ਪ੍ਰਸਤਾਵ ਦਿੱਤਾ ਗਿਆ ਹੈ ਜਦਕਿ ਸਿੰਡੀਕੇਟ ਦੇ ਮੈਂਬਰਾਂ ਦੀ ਗਿਣਤੀ 18 ਤੋਂ ਘਟਾ ਕੇ 13 ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਯੂਨੀਵਰਸਿਟੀ ਦੇ ਨਾਲ-ਨਾਲ ਸਬੰਧਿਤ ਕਾਲਜਾਂ ਦੇ ਸਿੱਖਿਆ ਮਾਹਿਰਾਂ ਨੂੰ ਵੀ ਯੂਨੀਵਰਸਿਟੀ ਦੇ ਸ਼ਾਸਨ ਵਿੱਚ ਪ੍ਰਮੁੱਖਤਾ ਦੇਣ ਦੀ ਸਿਫਾਰਿਸ਼ ਹੋਈ ਹੈ। ਫੈਕਲਟੀ ਦੀ ਬਣਤਰ ਵਿੱਚ ਵੀ ਤਬਦੀਲੀਆਂ ਦੀ ਸਿਫਾਰਿਸ਼ ਕੀਤੀ ਗਈ ਹੈ। ਡੀਨ ਆਫ਼ ਫੈਕਲਟੀਜ਼ ਨੂੰ ਮੌਜੂਦਾ ਚੋਣ ਪ੍ਰਣਾਲੀ ਦੀ ਬਜਾਏ ਯੂਨੀਵਰਸਿਟੀ ਦੇ ਸੀਨੀਅਰ ਪ੍ਰੋਫ਼ੈਸਰਾਂ ਵਿੱਚੋਂ ਰੋਟੇਸ਼ਨ ਮੁਤਾਬਕ ਨਿਯੁਕਤ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।ਦੂਜੇ ਪਾਸੇ ਪੀ.ਯੂ. ਦੇ ਸੈਨੇਟ ਮੈਂਬਰ ਰਾਬਿੰਦਰ ਨਾਥ ਸ਼ਰਮਾ ਨੇ ਕਿਹਾ ਕਿ ਉਹ



ਗਵਰਨੈਂਸ ਰਿਫਾਰਮਜ਼ ਵਿਰੁੱਧ ਨਹੀਂ ਹਨ ਪਰ ਵਿਸ਼ਵ ਪ੍ਰਸਿੱਧ ਪੰਜਾਬ ਯੂਨੀਵਰਸਿਟੀ ਵਿੱਚ ਲੋਕਤੰਤਰਿਕ ਢਾਂਚੇ ਨੂੰ ਘਟਾਉਣਾ ਨਹੀਂ ਚਾਹੀਦਾ। ਪ੍ਰੋ. ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਸਮੇਤ ਕੁੱਲ 7 ਸੈਨੇਟ ਮੈਂਬਰਾਂ ਨੇ ਸੈਨੇਟ ਚੋਣਾਂ ਕਰਵਾਉਣ ਸਬੰਧੀ ਹਾਈਕੋਰਟ ਵਿੱਚ ਕੇਸ ਦਾਇਰ ਵੀ ਕੀਤਾ ਹੋਇਆ ਹੈ ਜਿਸ ਦੀ ਸੁਣਵਾਈ ਲਈ ਅਗਲੀ ਤਾਰੀਖ 8 ਜੁਲਾਈ ਲੱਗੀ ਹੋਈ ਹੈ।

# ਭਰਵੇਂ ਮੀਂਹ ਪੈਣ ਤੋਂ ਬਾਅਦ ਪੰਜਾਬ, ਹਰਿਆਣਾ ਤੇ ਹਿਮਾਚਲ ਵਿੱਚ ਮੌਨਸੂਨ ਹੋਈ ਕਮਜ਼ੋਰ

## ਹਿਮਾਚਲ ਪ੍ਰਦੇਸ਼ ਵਿਚ 17 ਫੀਸਦੀ, ਹਰਿਆਣਾ ਵਿਚ 12 ਫੀਸਦੀ ਤੇ ਪੰਜਾਬ ਵਿਚ ਅੱਠ ਫੀਸਦੀ ਮੀਂਹ ਘੱਟ ਪਿਆ

**ਚੰਡੀਗੜ੍ਹ।** ਇਸ ਵਾਰ ਉਤਰੀ ਖੇਤਰ ਵਿਚ ਮੌਨਸੂਨ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ ਤੇ ਜੂਨ ਮਹੀਨੇ ਭਰਵੇਂ ਮੀਂਹ ਪਏ ਪਰ ਹੁਣ ਮੌਨਸੂਨ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਤੋਂ ਦੂਰ ਜਾਂਦੀ ਦਿਖਾਈ ਦੇ ਰਹੀ ਹੈ। ਇਸ ਮਹੀਨੇ ਹਿਮਾ-ਚਲ ਪ੍ਰਦੇਸ਼ ਵਿਚ 17 ਫੀਸਦੀ, ਹਰਿਆਣਾ ਵਿਚ 12 ਫੀਸਦੀ ਤੇ ਪੰਜਾਬ ਵਿਚ ਅੱਠ ਫੀਸਦੀ ਮੀਂਹ ਘੱਟ ਪਏ ਹਨ।

ਭਾਰਤੀ ਮੌਸਮ ਵਿਭਾਗ ਵਲੋਂ ਇਕੱਠੇ ਕੀਤੇ ਅੰਕੜਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਪਹਿਲੀ ਜੂਨ ਤੋਂ ਤਿੰਨ ਜੁਲਾਈ ਤਕ 96.1 ਐਮਐਮ ਮੀਂਹ ਪਿਆ ਜੋ ਆਮ ਤੌਰ ਤੇ ਇਸ ਸੀਜ਼ਨ ਵਿਚ 115.5 ਐਮਐਮ ਪੈਂਦਾ ਹੈ। ਇਸੇ ਤਰ੍ਹਾਂ ਪੰਜਾਬ ਵਿਚ 62 ਦੀ ਥਾਂ 54.3 ਐਮਐਮ ਤੇ ਹਰਿਆਣਾ ਵਿਚ 56.5 ਦੀ ਥਾਂ 52.2 ਐਮਐਮ ਮੀਂਹ ਪਿਆ। ਇਸ ਖੇਤਰ ਵਿਚ ਮੌਨਸੂਨ 15 ਦਿਨ ਅਗੇਤੀ ਹੀ ਆ ਗਈ ਸੀ ਤੇ ਜੂਨ ਮਹੀਨੇ ਵਿਚ 14 ਫੀਸਦੀ ਵਾਧੂ ਮੀਂਹ ਪਿਆ। ਪਹਿਲੇ ਦੌਰ ਵਿਚ ਮੌਨਸੂਨ ਵਧੀਆ ਰਹਿਣ ਤੋਂ ਬਾਅਦ ਹੁਣ ਕਮਜ਼ੋਰ ਪੈ ਗਈ ਹੈ।



# ਯੂਏਪੀਏ ਤੇ ਐੱਨਆਈਏ ਐਕਟ ਦੀ ਗ਼ਲਤ ਵਰਤੋਂ ਹੋ ਰਹੀ: ਗੋਗੋਈ

## 567 ਦਿਨਾਂ ਦੀ ਕੈਦ ਕੱਟ ਕੇ ਆਏ ਆਜ਼ਾਦ ਵਿਧਾਇਕ ਵੱਲੋਂ ਵਿਸ਼ੇਸ਼ ਅਦਾਲਤ ਦਾ ਫ਼ੈਸਲਾ ਇਤਿਹਾਸਕ ਕਰਾਰ

**ਗੁਹਾਟੀ।** ਅਸਾਮ ਦੇ ਵਿਧਾਇਕ ਅਖਿਲ ਗੋਗੋਈ ਨੇ ਜਾਂਚ ਏਜੰਸੀ ਦੁਆਰਾ ਲਗਾਏ ਗਏ ਸਾਰੇ ਦੋਸ਼ਾਂ ਤੋਂ ਵਿਸ਼ੇਸ਼ ਅਦਾਲਤ ਵੱਲੋਂ ਉਸ ਨੂੰ ਬਰੀ ਕੀਤੇ ਜਾਣ ਨੂੰ ਇਤਿਹਾਸਕ ਫ਼ੈਸਲਾ ਕਰਾਰ ਦਿੱਤਾ ਹੈ। ਗੋਗੋਈ ਨੇ ਕਿਹਾ ਕਿ ਉਨ੍ਹਾਂ ਦੇ ਮਾਮਲੇ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਯੂਏ(ਪੀ)ਏ ਅਤੇ ਐੱਨਆਈਏ ਐਕਟ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ।

ਕੌਮੀ ਜਾਂਚ ਏਜੰਸੀ (ਐੱਨਆਈਏ) ਨੂੰ ਕੇਂਦਰ ’ਚ ਕਾਬਜ਼ ਭਾਜਪਾ ਸਰਕਾਰ ਦਾ ‘ਸਿਆਸੀ ਹਥਿਆਰ’ ਕਰਾਰ ਦਿੰਦਿਆਂ, ਸ਼ਿਵਸਾਗਰ ਹਲਕੇ ਤੋਂ ਆਜ਼ਾਦ ਵਿਧਾਇਕ ਅਖਿਲ ਗੋਗੋਈ ਨੇ ਕਿਹਾ ਕਿ ਅਤਿਵਾਦ ਵਿਰੋਧੀ ਕਾਨੂੰਨਾਂ ਦਾ ਗ਼ਲਤ ਇਸਤੇਮਾਲ ਕਰ ਕੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਲਈ ਇਹ ਫ਼ੈਸਲਾ ਇਕ ਮੀਲ ਪੱਥਰ ਸਾਬਿਤ ਹੋਵੇਗਾ।

ਨਾਗਰਿਕਤਾ (ਸੋਧ) ਕਾਨੂੰਨ ਵਿਰੋਧੀ ਕਾਰਕੁਨ ਨੂੰ ਸੂਬੇ ਵਿਚ ਸੀਏਏ ਵਿਰੋਧੀ ਪ੍ਰਦਰਸ਼ਨਾਂ ਵਿਚ ਸ਼ਮੂਲੀਅਤ ਦੇ ਦੋਸ਼ ਹੇਠ 12 ਦਸੰਬਰ 2019 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਪਰੰਤ ਲੰਘੇ ਵੀਰਵਾਰ ਨੂੰ ਅਦਾਲਤ ਨੇ ਉਸ ਖ਼ਿਲਾਫ਼ ਲੱਗੇ ਸਾਰੇ ਦੋਸ਼ਾਂ ਤੋਂ ਉਸ ਨੂੰ ਬਰੀ ਕਰ ਦਿੱਤਾ ਸੀ। ਕੈਦ ਦੇ 567 ਦਿਨਾਂ ਬਾਅਦ ਅੱਜ ਪੀਟੀਆਈ ਨੂੰ ਦਿੱਤੇ ਇਕ ਇੰਟਰਵਿਊ ਵਿਚ ਸ੍ਰੀ ਗੋਗੋਈ ਨੇ ਕਿਹਾ ਕਿ ਐੱਨਆਈਏ ਦੀ ਵਿਸ਼ੇਸ਼ ਅਦਾਲਤ ਦਾ ਫ਼ੈਸਲਾ ਇਤਿਹਾਸਕ ਹੈ ਕਿਉਂਕਿ ਇਸ ਨੇ ਸੀਬੀਆਈ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਾਂਗ ‘ਸਿਆਸੀ ਏਜੰਸੀ’ ਬਣੀ ਐੱਨਆਈਏ ਦਾ ਪਰਦਾਫ਼ਾਸ਼ ਕੀਤਾ ਹੈ।

ਉਨ੍ਹਾਂ ਕਿਹਾ, ‘‘ਵੀਰਵਾਰ ਨੂੰ ਵੀ ਐੱਨਆਈਏ ਇਕ ਨਵਾਂ ਕੇਸ ਪਾਉਣਾ ਚਾਹੁੰਦੀ ਸੀ ਪਰ ਉਹ ਸਮੇਂ ਸਿਰ ਅਪੀਲ ਦੇ ਨਾਲ ਉਹ ਅਦਾਲਤ ਪਹੁੰਚ ਗਏ, ਫ਼ੈਸਲਾ ਪਹਿਲਾਂ ਹੀ ਆ ਚੁੱਕਿਆ ਸੀ।’’ ਉਨ੍ਹਾਂ ਦੋਸ਼ ਲਾਇਆ ਕਿ ਐੱਨਆਈਏ ਨੇ ਉਸ ਨੂੰ ਪੇਸ਼ਕਸ਼ ਕੀਤੀ ਸੀ ਕਿ ਜੇਕਰ ਉਹ ਆਰਐੱਸਐੱਸ ’ਚ ਸ਼ਾਮਲ ਹੋ ਜਾਂਦਾ ਹੈ ਤਾਂ ਉਸ ਨੂੰ ਤੁਰੰਤ ਪ੍ਰਭਾਵ ਤੋਂ ਜ਼ਮਾਨਤ ਮਿਲ ਜਾਵੇਗੀ। ਇਸ ਤੋਂ ਪਹਿਲਾਂ ਵੀ ਮਈ ਮਹੀਨੇ ਵਿਚ ਉਨ੍ਹਾਂ ਜੇਲ੍ਹ ਵਿਚੋਂ ਲਿਖੇ ਇਕ ਪੱਤਰ ਵਿਚ ਇਹ ਦੋਸ਼ ਲਗਾਏ ਸਨ। ਉਨ੍ਹਾਂ ਕਿਹਾ, ‘‘ਜਦੋਂ ਮੈਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਮੈਨੂੰ ਭਾਜਪਾ ’ਚ ਸ਼ਾਮਲ ਹੋ ਕੇ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ। ਮੈਂ ਉਹ ਵੀ ਨਕਾਰ ਦਿੱਤੀ, ਤਾਂ ਉਨ੍ਹਾਂ ਕਿਹਾ ਕਿ ਮੈਨੂੰ 10 ਸਾਲ ਕੈਦ ਦੀ ਸਜ਼ਾ ਮਿਲੇਗੀ।’’ਗੋਗੋਈ ਨੇ ਕਿਹਾ ਕਿ ਐੱਨਆਈਏ ਦੀ ਵਿਸ਼ੇਸ਼ ਅਦਾਲਤ ਦਾ ਫ਼ੈਸਲਾ ਨਿਆਂ ਪਾਲਿਕਾ ਵਿਚ ਇਕ ਮੋੜ ਸਾਬਿਤ ਹੋਇਆ ਹੈ ਕਿਉਂਕਿ ਇਹ ਦਰਸਾਉਂਦਾ ਹੈ ਕਿ ਕਾਰਜ ਪਾਲਿਕਾ ਦਾ ਦਬਾਅ ਸਥਾਈ ਨਹੀਂ ਹੈ।

# ਚੀਨ ਨੂੰ ਸਰਕਾਰੀ ਭੇਤ ਲੀਕ ਕਰਨ ਦੇ ਦੋਸ਼ ਹੇਠ ਪੱਤਰਕਾਰ ਗ੍ਰਿਫ਼ਤਾਰ

**ਨਵੀਂ ਦਿੱਲੀ।** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਮਾਮਲੇ ਨਾਲ ਜੁੜੀ ਜਾਂਚ ’ਚ ਦਿੱਲੀ ਦੇ ਫਰੀਲਾਂਸ ਪੱਤਰਕਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਪੱਤਰਕਾਰ ਰਾਜੀਵ ਸ਼ਰਮਾ ਨੂੰ ਮਨੀ ਲਾਂਡਰਿੰਗ ਐਕਟ ਤਹਿਤ ਪਹਿਲੀ ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੂੰ ਸ਼ੁੱਕਰਵਾਰ ਇੱਥੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਸ਼ਰਮਾ ਦੀ ਈਡੀ ਨੂੰ ਸੱਤ ਦਿਨਾਂ ਲਈ ਹਿਰਾਸਤ ਦੇ ਦਿੱਤੀ ਹੈ। ਚੀਨੀ ਖੁਫੀਆ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਦੇ ਮਾਮਲੇ ਵਿਚ ਜਾਂਚ ਤੋਂ ਬਾਅਦ ਉਸ ਨੂੰ ਕਾਬੂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਰਾਜੀਵ ਸ਼ਰਮਾ ਨੂੰ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਪਿਛਲੇ ਸਾਲ 14 ਸਤੰਬਰ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਉਸ ’ਤੇ ਭਾਰਤੀ ਫ਼ੌਜ ਦੇ ਟਿਕਾਣਿਆਂ ਤੇ ਮੁਲਕ ਦੀ ਸਰਹੱਦੀ ਰਣਨੀਤੀ ਦੀ ਜਾਣਕਾਰੀ ਚੀਨੀ ਅਧਿਕਾਰੀਆਂ ਨੂੰ ਦੇਣ ਦਾ ਦੋਸ਼ ਲਾਇਆ ਗਿਆ ਸੀ। ਰਾਜੀਵ ਸ਼ਰਮਾ ਯੂਟਿਊਬ ਚੈਨਲ ਚਲਾਉਂਦਾ ਹੈ ਤੇ ਉਸ ਦੇ ਹਜ਼ਾਰਾਂ ਫਾਲੋਅਰਜ਼ ਹਨ।



# ਬਾਹਰੀ ਸੁੰਦਰਤਾ ਤਦ ਹੀ ਮੁਬਾਰਕ ਜੇਕਰ ਮਨ 'ਚ ਸ਼ਾਂਤੀ ਅਤੇ ਪਵਿੱਤਰਤਾ ਕਾਇਮ ਹੋਵੇ : ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

**ਹੁਸ਼ਿਆਰਪੁਰ।** ਮਨ ਨੂੰ ਸਥਿਰ ਰੱਖਣ ਲਈ ਸਾਨੂੰ ਇਸ ਸਥਿਰ ਅਤੇ ਅਟੱਲ ਪਰਮਾਤਮਾ ਨਾਲ ਨਾਤਾ ਜੋੜਨਾ ਹੋਵੇਗਾ । ਉੱਕਤ ਪ੍ਰਵਚਨ ਨਿਰੰਕਾਰੀ ਸਤਿਗੁਰੂ ਮਾਤਾ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਸੈਂਟਰਲ ਯੂਰਪ ਦੇ ਵਰਚੁਅਲ ਸਤਿਸੰਗ ਪ੍ਰੋਗਰਾਮ ਦੌਰਾਨ ਕਹੇ । ਉਨਾਂ ਨੇ ਫਰਮਾਇਆ ਕਿ ਸੇਵਾ ਦਾ ਇੱਕ ਜ਼ਰੂਰੀ ਪਹਿਲੂ ਨਿਸ਼ਕਾਮ ਭਾਵ ਹੈ । ਜੇਕਰ ਅਸੀਂ ਇਸ ਭਾਵ ਨਾਲ ਘਰ ਜਾਂ ਦਫਤਰ ਦੇ ਛੋਟੇ-ਛੋਟੇ ਕੰਮ ਵੀ ਕਰ ਰਹੇ ਹੁੰਦੇ ਹਾਂ, ਤਾਂ ਉਹ ਵੀ ਸੇਵਾ ਬਣ ਜਾਂਦੇ ਹਨ । ਜੇਕਰ ਅਸੀਂ ਸਹਿਣਸ਼ੀਲ ਅਤੇ ਨਿਰਪੱਖ ਹੋਣ ਦਾ ਦਾਅਵਾ ਕਰਦੇ ਹਾਂ , ਤਾਂ ਉਹ ਸਾਡੇ ਸੁਭਾਅ'ਚ ਵੀ ਸ਼ਾਮਲ ਹੋਣਾ ਚਾਹੀਦਾ ਹੈ । ਅਕਸਰ ਅਸੀਂ ਛੋਟੀਆਂ ਛੋਟੀਆਂ ਗੱਲਾਂ 'ਤੇ ਬਿਨਾਂ ਕਿਸੇ ਕਾਰਨ ਦੇ ਨਿਰਾਸ ਅਤੇ ਅਸਹਿਣਸ਼ੀਲ ਹੋ ਜਾਂਦੇ ਹਾਂ। ਹੰਕਾਰ ਦੇ ਕਾਰਨ ਵਧੀਆ ਗੱਲਬਾਤ ਵੀ ਬਹਿਸ ਦਾ ਕਾਰਨ ਬਣ ਜਾਂਦੀ ਹੈ। ਕੇਵਲ ਪਰਮਾਤਮਾ ਦਾ ਅਹਿਸਾਸ ਹੀ ਸਾਡੇ ਹਉਮੈ ਨੂੰ ਘੱਟ ਕਰ ਸਕਦਾ ਹੈ । ਸਾਨੂੰ ਬ੍ਰਹਮ ਗਿਆਨ ਲੈਣ ਤੋਂ ਪਹਿਲਾਂ ਹੀ ਤਨ , ਮਨ ਅਤੇ ਧਨ ਦਾ ਹੰਕਾਰ ਨਾਂ ਕਰਨ ਦਾ ਪ੍ਰਣ ਦਿੱਤਾ ਗਿਆ । ਜੇਕਰ ਅਸੀਂ ਗਿਆਨ ਦੀ ਨਜ਼ਰ ਨਾਲ ਸਾਰਿਆ ਨੂੰ ਵੇਖਾਂਗੇ, ਤਾਂ ਸਾਰੇ ਆਪਣੇ ਪਰਿਵਾਰ ਦਾ ਹਿੱਸਾ ਹੀ ਲੱਗਣਗੇ । ਉਨਾਂ ਨੇ ਫਰਮਾਇਆ ਕਿ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਵੀ ਕਹਿੰਦੇ ਸਨ , ਕਿ ਜੇਕਰ ਅਸੀਂ ਦੀਵਾਰ ਰਹਿਤ ਸੰਸਾਰ ਦੀ ਕਲਪਨਾ ਨੂੰ ਸਾਕਾਰ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਪਹਿਲਾਂ ਆਪਣੇ ਮਨ ਦੇ ਅੰਦਰ ਮੌਜੂਦ ਨਫਰਤ ਅਤੇ ਭੇਦਭਾਵ ਦੀਆਂ ਦੀਵਾਰਾਂ ਨੂੰ ਖਤਮ ਕਰਨਾ ਪਵੇਗਾ। ਅਸੀਂ ਨਫਰਤ ਅਤੇ ਵੈਰ-ਵਿਰੋਧ ਦੀਆਂ ਉੱਚੀਆਂ ਦੀਵਾਰਾਂ ਮਨ ਵਿੱਚ ਖੜੀਆਂ ਕਰ ਲੈਂਦੇ ਹਾਂ , ਜਿਸ 'ਚ ਆਪਣੇ ਸਾਹ ਲੈਣ ਦਾ ਵੀ ਸਥਾਨ ਨਹੀਂ ਰਹਿੰਦਾ । ਰਿਸ਼ਤਿਆਂ ਵਿੱਚ , ਦੂਸਰਿਆਂ ਦੇ ਮਾਫੀ ਮੰਗਣ ਦੀ ਇੰਤਜਾਰ ਕਰਨ ਨਾਲੋਂ ਚੰਗਾ ਹੈ , ਕਿ ਅਸੀਂ ਹੀ ਉਨਾਂ ਤੋਂ ਮਾਫੀ ਮੰਗ ਲਈਏ । ਸਾਨੂੰ ਛੋਟੀਆਂ-ਛੋਟੀਆਂ ਗੱਲਾਂ ਤੋਂ ਉਪਰ ਉੱਠਣਾ ਹੋਵੇਗਾ । ਅਸੀਂ ਉਮੀਦ ਕਰਦੇ ਹਾਂ ਕਿ ਦੂਜੇ ਸਾਨੂੰ ਤੁਰੰਤ ਮਾਫ ਕਰ ਦੇਣ ਅਤੇ ਖੁਦ ਆਪ ਅਸੀਂ ਲੰਬੇ ਸਮੇਂ ਤੱਕ ਦੂਸਰਿਆਂ ਦੇ ਪ੍ਰਤੀ ਨਫ਼ਰਤ ਦਾ ਭਾਵ ਰੱਖਦੇ ਹਾਂ । ਇਹ ਸਾਡੇ ਲਈ ਹੀ ਨੁਕਸਾਨ ਦਾ ਕਾਰਨ ਬਣ ਜਾਂਦਾ ਹੈ । ਅਸੀਂ ਹੀ ਬੇਚੈਨ ਹੋ ਜਾਂਦੇ ਹਾਂ। ਦੂਜੇ ਪਾਸੇ , ਜੇਕਰ ਸਾਡੇ ਤੋਂ ਅਣਜਾਣੇ ਵਿੱਚ ਕੋਈ ਗਲਤੀ ਹੋ ਜਾਵੇ , ਤਾਂ ਇਸ ਨਿਰੰਕਾਰ ਤੋਂ ਮਾਫੀ ਮੰਗ ਲੈਣੀ ਚਾਹੀਦੀ ਹੈ । ਅਧਿਆਤਮਿਕ ਸਥਿਰਤਾ ਅਤੇ ਵਿਕਾਸ ਲਈ ਸਾਨੂੰ ਮਾਫੀ ਮੰਗ ਲੈਣੀ ਚਾਹੀਦੀ ਹੈ । ਉਨਾਂ ਨੇ ਫਰਮਾਇਆ ਕਿ ਅਕਸਰ ਅਸੀਂ ਕਿਸੇ ਦਾ ਚਿਹਰਾ ਵੇਖ ਕੇ ਹੀ ਕਹਿ ਦਿੰਦੇ ਹਾਂ , ਕਿ ਇਸਦਾ ਮਨ ਕਿੰਨਾ ਸਾਫ਼ ਹੈ । ਕੋਈ ਪਰੇਸ਼ਾਨੀ ਵਿੱਚ ਹੋਵੇ , ਤਾਂ ਵੀ ਉਸਦੇ ਚਿਹਰੇ ਤੋਂ ਹੀ ਪਤਾ ਲੱਗ ਜਾਂਦਾ ਹੈ । ਦਰਅਸਲ , ਸਾਡੀ ਬਾਹਰੀ ਸੁੰ-ਦਰਤਾ ਉਦੋਂ ਮੁਬਾਰਕ ਹੈ , ਜੇਕਰ ਸਾਡੇ ਮਨ ਵਿੱਚ ਸ਼ਾਂਤੀ ਅਤੇ ਪਵਿੱਤਰਤਾ ਕਾਇਮ ਹੈ । ਇਹ ਕੇਵਲ ਨਿਰੰਕਾਰ ਨਾਲ ਭਾਵਪੂਰਨ ਰੂਪ ਵਿੱਚ ਜੁੜ ਕੇ ਸੇਵਾ , ਸਿਮਰਨ ਅਤੇ ਸਤਿਸੰਗ ਕਰਦੇ ਹੋਏ ਹੀ ਸੰਭਵ ਹੈ ।



ਨਿਰੰਕਾਰ ਨੇ ਸਾਰਿਆਂ ਨੂੰ ਬਰਾਬਰ ਸਰੀਰ ਦਿੱਤਾ ਹੈ ਪਰ ਕੁੱਝ ਲੋਕ ਸ਼ੁਕਰਾਨਾ ਕਰਦੇ ਹਨ , ਤਾਂ ਕੁੱਝ ਸ਼ਿਕਾਇਤ । ਕੁੱਝ ਲੋਕ ਹਰ ਚੀਜ ਵਿੱਚ ਚੰਗਿਆਈ ਵੇਖਦੇ ਹਨ , ਤਾਂ ਕੁੱਝ ਕੇਵਲ ਬੁਰਾਈ । ਅਸੀਂ ਕਈ ਵਾਰ ਇਹ ਸੋਚਣ ਲੱਗ ਜਾਂਦੇ ਹਾਂ ਕਿ ਸਾਡੇ ਬਿਨਾਂ ਇਹ ਕੰਮ ਕੋਈ ਕਰ ਹੀ ਨਹੀਂ ਸਕਦਾ । ਸ਼ਾਇਦ ਅਸੀ ਭੁੱਲ ਜਾਂਦੇ ਹਨ ਕਿ ਨਿਰੰਕਾਰ ਕਿਸੇ ਤੋਂ ਵੀ , ਕੋਈ ਵੀ ਕੰਮ ਕਰਵਾ ਸਕਦਾ ਹੈ । ਸਾਨੂੰ ਆਪਣੇ ਅਸਲੀ ਮੂਲ , ਇਸ ਨਿਰੰਕਾਰ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ । ਸਾਡਾ ਜੀਵਨ ਵਗਦੇ ਪਾਣੀ ਦੀ ਤਰਾਂ ਸਹਿਜ ਅਤੇ ਨਰਮ ਹੋਣਾ ਚਾਹੀਦਾ ਹੈ । ਸਾਨੂੰ ਇੱਕ ਦੂੱਜੇ ਦਾ ਸਹਾਰਾ ਬਣਨਾ ਚਾਹੀਦਾ ਹੈ , ਕਿਉਂਕਿ ਸਾਰੇ ਤਾਂ ਪ੍ਰਭੂ ਪਰਮਾਤਮਾ ਦੇ ਬੰਦੇ ਹਨ । ਦੂਸਰੀਆਂ ਨੂੰ ਸ਼ੀਸ਼ਾ ਵਿਖਾਉਣ ਤੋਂ ਪਹਿਲਾਂ , ਆਪਣੇ ਆਪ ਦਾ ਚਿਹਰਾ ਉਸ ਵਿੱਚ ਵੇਖ ਕੇ ਸੁਧਾਰ ਲਿਆਉਣਾ ਚਾਹੀਦਾ ਹੈ । ਸਾਨੂੰ ਆਪਣੇ ਆਪ ਉੱਤੇ ਕੰਮ ਕਰਨਾ ਹੋਵੇਗਾ । ਮਨ ਦੇ ਸੀਸੇ ਨੂੰ ਸਾਫ਼ ਰੱਖਣਾ ਪਵੇਗਾ । ਅੰਤਰ ਝਾਤ ਅਤੇ ਅੰਤਰ ਸੁਧਾਰ ਨਾਲ ਸਾਨੂੰ ਵਿਵੇਕੀ ਅਤੇ ਆਨੰਦ ਭਰਪੂਰ ਬਣਨਾ ਹੋਵੇਗਾ ।

# ਬਿਜਲੀ ਦੇ ਲੰਬੇ ਕੱਟ ਤੋਂ ਪਰੇਸ਼ਾਨ ਹੋਕੇ ਕੈਪਟਨ ਦੇ ਫਾਰਮ ਹਾਊਸ ਪਹੁੰਚੇ 'ਆਪ' ਦੇ ਵਰਕਰ ਅਤੇ ਭਗਵੰਤ ਮਾਨ

**ਚੰਡੀਗੜ (ਦੀਪਕ ਸਰਮਾ)** ਪੰਜਾਬ ਵਿਚ ਵੱਧ ਰਹੀ ਗਰਮੀ ਦੀ ਲਹਿਰ ਦੇ ਵਿਚਕਾਰ, ਬਿਜਲੀ ਸੰਕਟ ਵੀ ਗਰਮਾਇਆ ਹੋਇਆ ਹੈ । ਇਥੇ ਅਕਸਰ ਬਿਜਲੀ ਕੱਟ ਲਗਦੇ ਹਨ ਅਤੇ ਲੋਕ ਪਰੇਸਾਨ ਹੋ ਕੇ ਸੜਕਾਂ ਤੇ ਉਤਰ ਆਏ ਹਨ। ਪਰ ਇਸ ਦੌਰਾਨ ਰਾਜਨੀਤੀ ਵੀ ਗਰਮ ਹੋ ਗਈ ਹੈ । ਇਸ ਕਾਰਨ 'ਆਪ' ਨੇ ਸੀਸਵਾਂ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਫਾਰਮ ਹਾਊਸ ਦਾ ਘਿਰਾਓ ਕੀਤਾ।ਇਸ ਦੌਰਾਨ 'ਆਪ' ਵਰਕਰਾਂ ਅਤੇ ਪੁਲਿਸ ਵਿਚਾਲੇ ਕਾਫੀ ਝੜਪ ਹੋ ਗਈ । ਪੁਲਿਸ ਨੇ ਬੈਰੀਕੇਡ ਵੀ ਲਗਾਈ ਸੀ ਪਰ ਆਮ ਆਦਮੀ ਪਾਰਟੀ ਦੇ ਲੋਕ ਬੈਰੀਕੇਡ ਤੋੜ ਕੇ ਅੱਗੇ ਵਧ ਗਏ । 'ਆਪ' ਵਰਕਰਾਂ ਨੂੰ ਕਾਬੂ ਕਰਨ ਲਈ ਪੁਲਿਸ ਨੇ ਪਾਣੀ ਦੀਆਂ ਬੌਛਾਰਾਂ ਵੀ ਮਾਰੀਆਂ । ਇਸ ਦੌਰਾਨ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਦੇਸ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਦੀ ਸਿਹਤ ਖਰਾਬ ਹੋਣ ਕਾਰਨ ਵਾਪਸ ਪਰਤ ਗਏ । ਇਸ ਦੇ ਨਾਲ ਹੀ ਵਿਰੋਧ ਪ੍ਰਦਰਸਨ ਦੇ ਮੱਦੇਨਜਰ ਸੀਐਮ ਹਾਊਸ ਦੀ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ।

'ਆਪ' ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਲੋਕ ਵਿਰੋਧ ਪ੍ਰਦਰਸਨ ਕਰ ਰਹੇ ਹਨ, ਪਰ ਕੈਪਟਨ ਘਰ ਬੈਠੇ ਮਜਾ ਲੈ ਰਹੇ ਹਨ। ਅਸੀਂ ਸੀ ਐਮ ਫਾਰਮ ਹਾਊਸ ਦੇ ਮੀਟਰ ਦੀ ਜਾਂਚ ਕਰਨ ਲਈ ਆਏ ਹਾਂ ਇਹ ਜਾਣਨ ਲਈ ਕਿ ਇੱਥੇ ਕਿੰਨੇ ਘੰਟੇ ਬਿਜਲੀ ਕੱਟ ਲਗਦਾ ਹੈ । ਇਸ ਦੇ ਨਾਲ ਭਗਵੰਤ ਮਾਨ ਨੇ ਦੋਸ ਲਾਇਆ ਕਿ ਅਕਾਲੀ ਦਲ ਅਤੇ ਭਾਜਪਾ ਸਰਕਾਰ ਵਿੱਚ ਲਾਗੂ ਹੋਇਆ ਪੰਜਾਬ ਵਿਰੋਧੀ ਸਮਝੌਤਾ ਅਤੇ ਮਾਫੀਆ ਵੀ ਰਾਜ ਕਪਤਾਨ ਦੇ ਸਾਸਨ ਅਧੀਨ ਚੱਲ ਰਹੇ ਹਨ । ਬਿਜਲੀ ਮੰਤਰੀ ਹੋਣ ਕਾਰਨ ਮੁੱਖ ਮੰਤਰੀ ਨੂੰ ਮੌਜੂਦਾ ਬਿਜਲੀ ਸੰਕਟ ਲਈ ਨੈਤਿਕ ਜੰਮਿਵਾਰੀ ਲੈਣੀ ਚਾਹੀਦੀ ਹੈ ।



# ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਯੂਨੀਅਨ ਦੀ ਮੰਗਾਂ ਸਬੰਧੀ ਹੋਈ ਸੂਬਾ ਪੱਧਰੀ ਮੀਟਿੰਗ

## ਯੂਨੀਅਨ ਨੇ 5 ਅਤੇ 6 ਜੁਲਾਈ ਨੂੰ 'ਕੰਮ ਛੋੜ ਹੜਤਾਲ' ਕਰਨ ਦਾ ਕੀਤਾ ਐਲਾਨ

**ਕੋਟਕਪੂਰਾ।** ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਆਨਲਾਈਨ ਮੀਟਿੰਗ ਪ੍ਰਧਾਨ ਮੈਡਮ ਕਿਰਨਦੀਪ ਕੌਰ ਪੰਜੋਲਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਕਮੇਟੀ ਮੈਂਬਰਾਂ ਨਾਲ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਜਾਣਕਾਰੀ ਦਿੰਦਿਆਂ ਊਸ਼ਾ ਰਾਣੀ ਬਲਾਕ ਪ੍ਰਧਾਨ ਕੋਟਕਪੂਰਾ ਨੇ ਦੱਸਿਆ ਕਿ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੀਆਂ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਨੂੰ ਹੱਲ ਕਰਾਉਣ ਲਈ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ ਕੀਤਾ ਗਿਆ। ਉਨਾਂ ਦੱਸਿਆ ਕਿ ਕੋਵਿਡ-19 ਮਹਾਂਮਾਰੀ 2020 ਤੋਂ ਅੱਜ ਤੱਕ ਪੰਜਾਬ ਭਰ ਦੀਆਂ ਵਰਕਰਾਂ ਆਪਣੀਆਂ ਅਨੇਕਾਂ ਹੀ ਜ਼ਿੰਮੇਵਾਰੀਆਂ ਨਿਭਾਅ ਰਹੀਆਂ ਹਨ, ਜਿਵੇਂ ਕਿ ਘਰ-ਘਰ ਜਾ ਕੇ ਸਰਵੇ ਕਰਨਾ, ਸ਼ੱਕੀ ਮਰੀਜ ਲੱਭਣੇ, ਸੈਂਪਲਿੰਗ ਕਰਾਉਣ, ਫਤਹਿ ਕਿੱਟਾਂ ਦੇਣੀਆਂ, ਪਾਜੇਟਿਵ ਮਰੀਜਾਂ ਦੀ ਫਾਲੋਅਪ ਲਈ ਜਾਗਰੂਕ ਕਰਨਾ, ਕੈਂਪਾਂ ਵਿੱਚ ਕੋਵਿਡ ਵੈਕਸੀਨੇਸ਼ਨ ਵਿੱਚ 100 ਫੀਸਦੀ ਕਵਰ ਕਰਾਉਣ, 18 ਤੋਂ 44 ਸਾਲ ਅਤੇ 45 ਸਾਲ ਦੀਆਂ ਸੂਜੀਆਂ ਤਿਆਰ ਕਰਨੀਆਂ, ਇਸ ਤੋਂ ਇਲਾਵਾ ਸਿਹਤ ਵਿਭਾਗ ਦਾ ਰੋਜ਼ਮਰਾ ਦੇ 55 ਕੰਮ ਕਰਨੇ ਪਰ ਅਫਸੋਸ ਬਦਲੇ ਵਿੱਚ ਸਰਕਾਰ ਕੀ ਦੇ ਰਹੀ ਹੈ? ਕਈ ਥਾਵਾਂ 'ਤੇ ਲੰਮੇ ਸਮੇਂ ਤੋਂ ਬਣਦੀਆਂ ਤਨਖਾਹਾਂ ਵੀ ਨਹੀਂ ਦਿੱਤੀਆਂ ਜਾਂਦੀਆਂ, ਵਰਕਰਾਂ ਸਬੰਧਤ ਦਫਤਰਾਂ ਵਿੱਚ ਚੱਕਰ ਮਾਰ-ਮਾਰ ਕੇ ਥੱਕ ਜਾਂਦੀਆਂ ਹਨ। ਆਖਰਕਾਰ ਧਰਨੇ ਵੀ ਦੇਣੇ ਪੈਂਦੇ ਹਨ। ਇਸ ਨਾਲ ਹੀ ਸਾਡੀਆਂ ਮੁੱਖ ਮੰਗਾਂ ਦਾ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ, ਜਿਸ ਕਾਰਨ 5 ਅਤੇ 6 ਜੁਲਾਈ ਨੂੰ ਪੰਜਾਬ ਦੀਆਂ ਜੀਰੋ ਗਰਾਉਂਡ 'ਤੇ ਸੇਵਾ ਜ਼ਿੰਮੇਵਾਰੀ ਨਾਲ ਨਿਭਾਉਣ ਵਾਲੀਆਂ ਸਮੂਹ ਵਰਕਰਾਂ ਦੋ ਰੋਜਾ ਕੰਮ ਛੋੜ ਹੜਤਾਲ ਕਰਕੇ ਧਰਨੇ ਦੇਣਗੀਆਂ, ਜੇਕਰ ਫਿਰ ਵੀ ਸਾਨੂੰ ਅਣ-ਦੇਖਿਆ ਕੀਤਾ ਗਿਆ ਤਾਂ ਇਸ ਸਬੰਧੀ ਮੀਟਿੰਗ ਕਰਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਯੂਨੀਅਨ ਦੀਆਂ ਮੁੱਖ ਮੰਗਾਂ ਜਿਵੇਂ ਕਿ ਰੁਕੀਆਂ ਤਨਖਾਹਾਂ ਤੁਰਤ ਜਾਰੀ ਕਰਨ, ਆਸ਼ਾ ਵਰਕਰਾਂ ਨੂੰ ਹਰਿਆਣਾ ਪੈਟਰਨ 'ਤੇ 4000 ਰੁਪਏ ਪ੍ਰਤੀ ਮਹੀਨਾ ਸਮੇਤ ਭੱਤੇ ਦੇਣ, ਆਸ਼ਾ-ਫੈਸਿਲੀਟੇਟਰਾਂ ਨੂੰ ਫਿਕਸ 4000 ਰੁਪਏ ਪ੍ਰਤੀ ਮਹੀਨਾ ਤੇ 500 ਰੁਪਏ ਪਰ ਟੂਰ ਦੇਣ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਤੇ ਘੱਟੋ ਘੱਟ 15,000 ਰੁਪਏ ਲਾਗੂ ਕਰਨ, ਸਮਾਰਟ ਫੋਨ ਦੇਣ ਆਦਿ ਮੰਨੀਆਂ ਜਾਣ।



ਮੈਡਮ ਊਸ਼ਾ ਰਾਣੀ ਬਲਾਕ ਪ੍ਰਧਾਨ

# ਸੀਨੀਅਰ ਮੈਡੀਕਲ ਅਫਸਰ ਡਾ. ਹਰਿੰਦਰ ਸਿੰਘ ਗਾਂਧੀ ਪੁੱਜੇ ਕੰਨਿਆ ਕੰਪਿਊਟਰ ਸੈਂਟਰ

**ਕੋਟਕਪੂਰਾ।** 'ਅਰੋੜਬੰਸ ਸਭਾ' ਵੱਲੋਂ ਸਥਾਨਕ ਪੁਰਾਣੀ ਦਾਣਾ ਮੰਡੀ ਵਿਖੇ ਚਲਾਏ ਜਾ ਰਹੇ ਸ੍ਰ. ਆਸਾ ਸਿੰਘ ਯਾਦਗਾਰੀ 'ਕੰਨਿਆ ਕੰਪਿਊਟਰ ਸੈਂਟਰ' ਵਿੱਚ ਅਚਾਨਕ ਪੁੱਜੇ ਡਾ ਹਰਿੰਦਰ ਸਿੰਘ ਗਾਂਧੀ ਸੀਨੀਅਰ ਮੈਡੀਕਲ ਅਫਸਰ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੂਰਾ ਨੇ ਸੰਸਥਾ ਦੇ ਉਕਤ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਅੱਜ ਲੜਕਿਆਂ ਦੇ ਮੁਕਾਬਲੇ ਲੜਕੀਆਂ ਨੂੰ ਵੀ ਹਰ ਖੇਤਰ ਵਿੱਚ ਸਿੱਖਿਅਤ ਕਰਨ ਦੀ ਲੋੜ ਹੈ। ਸਭਾ ਦੇ ਪ੍ਰਧਾਨ ਮਨਿੰਦਰ ਸਿੰਘ ਮਿੱਕੂ ਮੱਕੜ ਅਤੇ ਕੰਪਿਊਟਰ ਸੈਂਟਰ ਦੇ ਡਾਇਰੈਕਟਰ ਮੋਹਨ ਲਾਲ ਗੁਲਾਟੀ ਨੇ ਦੱਸਿਆ ਕਿ ਇਸ ਸੈਂਟਰ 'ਚੋਂ ਮਾਮੂਲੀ ਫੀਸ ਅਦਾ ਕਰਕੇ 14 ਹਜਾਰ ਤੋਂ ਜਿਆਦਾ ਲੜਕੀਆਂ ਅਤੇ ਸੁਆਣੀਆਂ ਕੰਪਿਊਟਰ ਦੇ ਵੱਖ ਵੱਖ ਕੋਰਸ ਕਰ ਚੁੱਕੀਆਂ ਹਨ। ਉਨਾਂ ਦੱਸਿਆ ਕਿ ਇਸ ਸੈਂਟਰ ਤੋਂ ਸਰਟੀਫਿਕੇਟ ਪ੍ਰਾਪਤ ਕਰਨ ਵਾਲੀਆਂ ਅਨੇਕਾਂ ਸਿੱਖਿਆਰਥਣਾ ਸਰਕਾਰੀ ਅਤੇ ਗੈਰ ਸਰਕਾਰੀ ਖੇਤਰ ਵਿੱਚ ਚੰਗੀਆਂ ਨੌਕਰੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਨਿਰਬਾਹ ਵਧੀਆ ਢੰਗ ਨਾਲ ਚਲਾ ਰਹੀਆਂ ਹਨ। ਸਭਾ ਦੇ ਸਰਪ੍ਰਸਤ ਮਾ ਹਰਨਾਮ ਸਿੰਘ ਅਤੇ ਜਨਰਲ ਸਕੱਤਰ ਸੁਰਜੀਤ ਸਿੰਘ ਘੁਲਿਆਣੀ ਨੇ ਦੱਸਿਆ ਕਿ ਸੰਸਥਾ ਵਲੋਂ ਇੰਗਲਿਸ਼ ਸਪੀਕਿੰਗ ਕੋਰਸ, ਕੁਕਿੰਗ, ਸਿਲਾਈ, ਕਢਾਈ ਆਦਿ ਦੇ ਕੋਰਸ ਵੀ ਸਮੇਂ ਸਮੇਂ ਸ਼ੁਰੂ ਕੀਤੇ ਗਏ ਅਤੇ ਭਵਿੱਖ ਵਿੱਚ ਵੀ ਆਰਥਿਕ ਪੱਖੋਂ ਕਮਜੋਰ ਪਰਿਵਾਰਾਂ ਦੀਆਂ ਹੋਣਹਾਰ ਲੜਕੀਆਂ ਲਈ ਹੋਰ ਅਜਿਹੇ ਕਾਰਜ ਸ਼ੁਰੂ ਕਰਨ ਦੀ ਤਜਵੀਜ ਰੱਖੀ ਗਈ ਹੈ ਤਾਂ ਜੋ ਕਮਜੋਰ ਪਰਿਵਾਰਾਂ ਦੀਆਂ ਲੜਕੀਆਂ ਅਤੇ ਸੁਆਣੀਆਂ ਨੂੰ ਕਿੱਤਾਮੁੱਖੀ ਕੋਰਸਾਂ ਨਾਲ ਜੋੜਿਆ ਜਾ ਸਕੇ। ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਉਕਤ ਸੇਵਾ ਕਾਰਜਾਂ ਵਿੱਚ ਕੰਪਿਊਟਰ ਅਧਿਆਪਕਾਂ ਅਤੇ ਹੋਰ ਦਾਨੀ ਸੱਜਣਾ ਦਾ ਵੀ ਬਹੁਤ ਸਹਿਯੋਗ ਹੈ। ਡਾ ਗਾਂਧੀ ਨੇ ਕੰਪਿਊਟਰ ਅਧਿਆਪਕਾਵਾਂ ਮੈਡਮ ਜੋਤੀ ਅਰੋੜਾ ਅਤੇ ਮੈਡਮ ਰਾਣੋ ਸਮੇਤ ਸਮੁੱਚੇ ਸਟਾਫ ਅਤੇ ਮੈਨੇਜਮੈਂਟ ਦੇ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ ਪੰਕਜ ਬਾਂਸਲ, ਸੰਜੀਵ ਸਿੰਗਲਾ, ਗੁਰਮੀਤ ਸਿੰਘ ਮੀਤਾ ਆਦਿ ਵੀ ਹਾਜਰ ਸਨ।



# "ਪੁਰਾਣੀ ਪੈਨਸ਼ਨ ਬਹਾਲੀ ਸ਼ੰਘਰਸ ਕਮੇਟੀ ਵਲੋਂ ਦਸੂਹਾ ਵਿਖੇ 11 ਜੁਲਾਈ ਨੂੰ ਲਲਕਾਰ ਰੈਲੀ ਸਬੰਧੀ ਮੀਟਿੰਗ"

**ਦਸੂਹਾ (ਜਸਵੀਰ ਸਿੰਘ ਪੁਰੇਵਾਲ)** ਪੁਰਾਣੀ ਪੈਨਸ਼ਨ ਬਹਾਲੀ ਸ਼ੰਘਰਸ ਕਮੇਟੀ, ਹੁਸ਼ਿਆਰਪੁਰ ਦੀ ਅਹਿਮ ਮੀਟਿੰਗ ਜਿਲ੍ਹਾ ਕਨਵੀਨਰ ਸੰਜੀਵ ਧੂਤ ਦੀ ਰਹਿਨੁਮਾਈ ਅਧੀਨ ਪਾਂਡਵ ਸਰੋਵਰ ਦਸੂਹਾ ਵਿਖੇ ਹੋਈ। ਉਹਨਾਂ ਵਲੋਂ ਦੱਸਿਆ ਗਿਆ ਕਿ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 06 ਜੁਲਾਈ ਨੂੰ ਦੁਪਹਿਰ ਤੋਂ ਬਾਅਦ ਐਨ. ਪੀ. ਐਸ. ਦੇ ਵਿਰੋਧ ਵਿੱਚ ਅਤੇ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਦੀ ਮੰਗ ਨੂੰ ਲੈ ਕੇ ਤਹਿਸੀਲ ਅਤੇ ਬਲਾਕ ਪੱਧਰ ਉੱਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ। ਜ਼ਿਲ੍ਹਾ ਜਨਰਲ ਸਕੱਤਰ ਤਿਲਕ ਰਾਜ ਵਲੋਂ ਸੰਬੋਧਿਤ ਕਰਦੇ ਹੋਏ ਕਿਹਾ ਗਿਆ ਕਿ 11 ਜੁਲਾਈ ਦੀ ਲਲਕਾਰ ਰੈਲੀ ਜੋ ਕਿ ਬਠਿੰਡਾ ਵਿਖੇ ਹੋਵੇਗੀ, ਜਿਸ ਵਿੱਚ ਵੱਧ ਤੋਂ ਵੱਧ ਸਾਥੀਆਂ ਨੂੰ ਸ਼ਮੂਲੀਅਤ ਕਰਨ ਲਈ ਕਿਹਾ ਗਿਆ। ਇਸ ਮੌਕੇ 'ਤੇ ਦਲਜੀਤ ਸਿੰਘ ਬਲਾਕ ਕਨਵੀਨਰ, ਜਸਵੀਰ ਬੋਦਲ (ਜ਼ਿਲ੍ਹਾ ਕਮੇਟੀ ਮੈਂਬਰ) ਅਤੇ ਸਕੱਤਰ ਰੋਹਿਤ ਕੁਮਾਰ ਨੇ ਐਨ.ਪੀ.ਐਸ. ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੈਨਸ਼ਨ ਮੁਲਾਜ਼ਮ ਦਾ ਹੱਕ ਹੈ, ਕੋਈ ਖੈਰਾਤ ਨਹੀਂ ਹੈ। ਇਸ ਵਾਰੇ ਭਾਰਤ ਸਰਵ ਉੱਚ ਅਦਾਲਤ ਮਾਣਯੋਗ ਸੁਪਰੀਮ ਕੋਰਟ ਵੀ ਮੁਲਾਜ਼ਮਾਂ ਦੇ ਹੱਕ ਵਿੱਚ ਫ਼ੈਸਲਾ ਸੁਣਾ ਚੁੱਕੀ ਹੈ, ਪਰ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੰਨਾਂ ਉੱਤੇ ਜੂੰ ਨਹੀਂ ਸਰਕ ਰਹੀ। ਇਸ ਲਈ 2004 ਤੋਂ ਬਾਅਦ ਭਰਤੀ ਹੋਏ ਮੁਲਾਜਮਾਂ ਵਿੱਚ ਪੰਜਾਬ ਸਰਕਾਰ ਵਿਰੁੱਧ ਗੁੱਸੇ ਦਾ ਲਾਵਾ ਉੱਗਲ ਰਿਹਾ ਹੈ ਜੋ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਫੁੱਟਕੇ ਸਾਹ-ਮਣੇ ਆਵੇਗਾ। ਪ੍ਰਿੰਸ ਕੁਮਾਰ, ਗੁਰਜਿੰਦਰਪਾਲ ਸਿੰਘ ਅਤੇ ਉਪਿੰਦਰਜੀਤ ਸਿੰਘ ਵਲੋਂ ਪੰਜਾਬ ਸਰਕਾਰ ਉੱਤੇ ਇਹ ਵੀ ਇਲਜ਼ਾਮ ਲਗਾਇਆ ਕਿ ਸਰਕਾਰ ਆਪਣੇ ਪੁਰਾਣੀ ਪੈਨਸ਼ਨ ਬਹਾਲੀ ਦੇ ਚੋਣ ਵਾਅਦੇ ਤੋਂ ਭੱਜ ਰਹੀ ਹੈ ਅਤੇ ਡੰਗ ਟਪਾਊ ਨੀਤੀ ਤਹਿਤ ਕੰਮ ਕਰ ਰਹੀ ਹੈ। ਜੇਕਰ ਸਰਕਾਰ ਨੇ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਤਾਂ ਇਹ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਆਉਣ ਵਾਲੇ ਸਮੇਂ ਵਿੱਚ ਮੰਤਰੀਆਂ ਦਾ ਘਿਰਾਓ ਵੀ ਕੀਤਾ ਜਾਵੇਗਾ। ਉਨ੍ਹਾਂ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਜਾਵੇਗਾ। ਪਿੰਡ ਪਿੰਡ ਜਾ ਕੇ ਸਰਕਾਰ ਦੀਆਂ ਮਾਰੂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਦੀ ਚਿਤਾਵਨੀ ਦਿੱਤੀ। ਇਸ ਮੌਕੇ ਸੰਦੀਪ ਸਿੰਘ, ਭੁਪਿੰਦਰ ਸਿੰਘ, ਦਵਿੰਦਰ ਪੰਨੂ, ਦਿਲਪ੍ਰੀਤ ਕਾਹਲੋਂ, ਭੁਪਿੰਦਰ ਸਿੰਘ, ਸੁਰਿੰਦਰਪਾਲ ਭੱਟੀ, ਗੁਰਇਕਬਾਲ ਸਿੰਘ, ਦਵਿੰਦਰ ਬੇਰਛਾ, ਗੁਰਭਜਨ ਸਿੰਘ, ਦਵਿੰਦਰ ਸਿੰਘ, ਆਦਿ ਨੇ ਹਿੱਸਾ ਲਿਆ।



# ਹਾਜੀਪੁਰ ਖੇਤਰ 'ਚ ਚਲ ਰਹੀ ਮਾਈਨਿੰਗ ਖਿਲਾਫ਼ ਸੁਖਬੀਰ ਸਿੰਘ ਬਾਦਲ ਵੱਲੋਂ ਅਚਾਨਕ ਰੇਡ

## ਬਾਦਲ ਨੇ ਮਾਈਨਿੰਗ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਯਮਾਂ ਦੇ ਖਿਲਾਫ਼ ਦੱਸਿਆ

**ਮੁਕੇਰੀਆਂ/ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਹਾਜੀਪੁਰ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਹਲਕਾ ਮੁਕੇਰੀਆਂ ਦੇ ਹਾਜੀਪੁਰ ਖੇਤਰ ਵਿੱਚ ਚਲ ਰਹੀ ਕਥਿਤ ਨਾਜਾਇਜ਼ ਮਾਈਨਿੰਗ ਖਿਲਾਫ਼ ਮੋਰਚਾ ਖੋਲ੍ਹਦੇ ਹੋਏ ਅਚਾਨਕ ਰੇਡ ਕੀਤੀ ਗਈ। ਉਨ੍ਹਾਂ ਨਾਲ ਯੂਥ ਅਕਾਲੀ ਦਲ ਦੇ ਸੱਕਤਰ ਜਨਰਲ ਸਰਬਜੋਤ ਸਿੰਘ ਸਾਬੀ, ਜ਼ਿਲ੍ਹਾ ਯੂਥ ਪ੍ਰਧਾਨ ਦਿਹਾਤੀ ਵਰਿੰਦਰਜੀਤ ਸਿੰਘ ਸੋਨੂੰ ਟੇਰਕਿਆਣਾ ਅਤੇ ਹੋਰ ਸੀਨੀਅਰ ਆਗੂ ਮੌਜੂਦ ਸਨ। ਸੁਖਬੀਰ ਸਿੰਘ ਬਾਦਲ ਨੇ ਹਾਜੀਪੁਰ ਖੇਤਰ ਵਿੱਚ ਚਲ ਰਹੀ ਮਾਈਨਿੰਗ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਯਮਾਂ ਦੇ ਖਿਲਾਫ਼ ਦੱਸਿਆ। ਉਨ੍ਹਾਂ ਇਸ ਗੁੰਡਾ ਟੈਕਸ ਉਗਰਾਹੇ ਜਾਣ ਦੀ ਕੀਤੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਥਾਨਕ ਲੋਕਾਂ ਦੀ ਅਪੀਲ ਵੀ ਅਣਸੁਣੀ ਕਰ ਰਹੀ ਹੈ।



# ਰੈਜ਼ੀਡੈਂਟਸ ਵੈਲਫੇਅਰ ਸੋਸਾਇਟੀ ਵਲੋਂ ਕੋਵਿਡ ਵੇਕਸੀਨੇਸ਼ਨ ਕੈਂਪ ਲਗਾਇਆ

**ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਕੋਵਿਡ ਵਿਰੋਧੀ ਵੈਕਸੀਨੇਸ਼ਨ ਲਗਾਉਣ ਲਈ ਵਿਸ਼ੇਸ਼ ਮੁਹਿੰਮ ਵਿੱਢੀ ਗਈ ਜਿਸ ਦੌਰਾਨ ਰੈਜ਼ੀਡੈਂਟਸ ਵੈਲਫੇਅਰ ਸੁਸਾਇਟੀ ਆਦਰਸ਼ ਨਗਰ ਲਾਭ ਨਗਰ ਰਾਮ ਤੀਰਥ ਰੋਡ ਵਲੋਂ ਸਿਵਲ ਸਰਜਨ ਦੇ ਸਹਿਯੋਗ ਸਦਕਾ ਕੋਵਿਡ ਵੇਕਸੀਨੇਸ਼ਨ ਟੀਕਾਕਰਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਿਵਲ ਸਰਜਨ ਦਫਤਰ ਤੋਂ ਮੈਡੀਕਲ ਅਫਸਰ ਡਾਕਟਰ ਜੀਵਨਜੋਤ ਸਿੰਘ ਆਪਣੀ ਟੀਮ ਨਾਲ ਹਾਜ਼ਰ ਹੋਏ ਅਤੇ ਇਲਾਕਾ ਨਿਵਾਸੀਆਂ ਨੂੰ ਕੋਵਿਡ ਤੋਂ ਬਚਣ ਲਈ ਵੈਕਸੀਨੇਸ਼ਨ ਲਗਾਈ। ਇਹ ਕੈਂਪ ਸਵੇਰ ਤੋਂ ਹੀ ਸ਼ੁਰੂ ਹੋ ਗਿਆ। ਇਸ ਮੌਕੇ ਡਾਕਟਰ ਜੀਵਨਜੋਤ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਵਿਡ ਦੀ ਤੀਜੀ ਲਹਿਰ ਤੋਂ ਬਚਾਅ ਲਈ ਵੈਕਸੀਨੇਸ਼ਨ ਜਰੂਰ ਲਗਵਾਉਣ ਕਿਉਂਕਿ ਕੋਵਿਡ ਬਿਮਾਰੀ ਤੋਂ ਬਚਾਅ ਲਈ ਵੈਕਸੀਨ ਬਹੁਤ ਸਹਾਈ ਹੈ। ਇਸ ਮੌਕੇ ਰੈਜ਼ੀਡੈਂਟਸ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਕਰਨਲ ਕੁਲਦੀਪ ਸਿੰਘ ਸੰਧੂ ਨੇ ਮੈਡੀਕਲ ਅਫਸਰ ਜੀਵਨਜੋਤ ਸਿੰਘ ਅਤੇ ਉਹਨਾਂ ਨਾਲ ਆਈ ਟੀਮ ਦਾ ਧੰਨਵਾਦ ਕੀਤਾ। ਕਰਨਲ ਸੰਧੂ ਨੇ ਕਿਹਾ ਕਿ ਵੈਕਸੀਨ ਮਨੁੱਖੀ ਸਿਹਤ ਲਈ ਸੁਰੱਖਿਅਤ ਹੈ ਅਫਵਾਹਾਂ ਤੋਂ ਗੁਰੇਜ਼ ਕਰਦੇ ਹੋਏ ਆਪਣੇ ਅਤੇ ਆਪਣੇ ਪਰਿਵਾਰ ਦੀ ਭਲਾਈ ਲਈ ਵੈਕਸੀਨ ਜਰੂਰ ਲਗਵਾਓ। ਇਸ ਮੌਕੇ ਸੁਸਾਇਟੀ ਦੇ ਸੁਰਿੰ-ਦਰ ਸਿੰਘ ਰਾਣਾ ਸੀਨੀ ਮੀਤ ਪ੍ਰਧਾਨ, ਜਗਤਾਰ ਸਿੰਘ ਔਲਖ ਮੀਤ ਪ੍ਰਧਾਨ,ਬਲਦੇਵ ਸਿੰਘ ਭੰਗੂ ਮੀਤ ਪ੍ਰਧਾਨ,ਏ ਪੀ ਐਸ ਮਾਨ ਜਨਰਲ ਸਕੱਤਰ, ਦਰਸ਼ਨ ਕੁਮਾਰ ਮੀਤ ਸਕੱਤਰ,ਮਹਿੰਦਰ ਸਿੰਘ ਸੰਧੂ ਸਕੱਤਰ, ਚਰਨਜੀਤ ਸਿੰਘ ਪੰਨੂ ਜਥੇਬੰਦਕ ਸਕੱਤਰ, ਗੁਰਦਿਆਲ ਸਿੰਘ ਰੰਧਾਵਾ ਮੀਤ ਪ੍ਰਧਾਨ, ਅਰਦਿਮਨ ਸਿੰਘ ਢਿੱਲੋਂ ਸਲਾਹਕਾਰ, ਜਸਵੰਤ ਸਿੰਘ ਆਦਿ ਹਾਜ਼ਰ ਸਨ।



# ਕਿਸਾਨ ਸੰਘਰਸ਼ ਦੀ ਫ਼ਤਿਹਯਾਬੀ ਲਈ ਸ੍ਰੀ ਸਹਿਜ ਪਾਠ ਦੀ ਲੜੀ ਦੌਰਾਨ

## ਦੋ ਸਹਿਜ ਪਾਠਾਂ ਦੇ ਭੋਗ ਉਪਰੰਤ ਨੌਵੇਂ ਅਤੇ ਦਸਵੇਂ ਸਹਿਜ ਪਾਠਾਂ ਦੀ ਆਰੰਭਤਾ ਕੀਤੀ ਗਈ

**ਮਾਨਾਵਾਲਾ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** "ਮੌਜੂਦਾ ਕਿਸਾਨ ਅੰਦੋਲਨ ਕਿਸਾਨੀ ਨੂੰ ਬਚਾਉਣ ਲਈ ਹੀ ਨਹੀਂ ਇਹ ਤਾਂ ਦੇਸ ਦੀ ਨਸਲ ਨੂੰ ਬਚਾਉਣ ਦਾ ਅੰਦੋਲਨ ਹੈ, ਅੰਦੋਲਨ ਦੀ ਜਿੱਤ ਦੇਸ਼ ਨੂੰ ਬਚਾਉਣ ਲਈ ਜ਼ਰੂਰੀ ਹੈ"। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਜੀ ਟੀ ਰੋਡ ਮਾਨਾਵਾਲਾ 'ਚ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਡਾਲੀ ਡੋਗਰਾਂ ਵਿਖੇ ਕਿਸਾਨ ਸੰਘਰਸ਼ ਦੀ ਫ਼ਤਿਹਯਾਬੀ ਲਈ ਸ੍ਰੀ ਸਹਿਜ ਪਾਠ ਦੀ ਚਲਾਈ ਜਾ ਰਹੀ ਨਿਰੰਤਰ ਲੜੀ ਦੌਰਾਨ ਦੋ ਸਹਿਜ ਪਾਠਾਂ ਦੇ ਭੋਗ ਉਪਰੰਤ ਨੌਵੇਂ ਅਤੇ ਦਸਵੇਂ ਸਹਿਜ ਪਾਠਾਂ ਦੀ ਆਰੰਭਤਾ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨ ਆਏ ਕਿਸਾਨ ਅੰਦੋਲਨ ਦੇ ਰੂਹੇ ਰਵਾਂ ਰਾਸ਼ਟਰੀ ਜਨ ਹਿਤ ਸੰਘਰਸ਼ ਪਾਰਟੀ ਦੇ ਪ੍ਰਧਾਨ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਭਾਨੂੰ ਪ੍ਰਤਾਪ ਸਿੰਘ ਵੱਲੋਂ ਕੀਤਾ ਗਿਆ। ਪ੍ਰੋ: ਸਰਚਾਂਦ ਸਿੰਘ ਮੁਤਾਬਕ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ 'ਚ ਥਾਂ ਥਾਂ ਸ੍ਰੀ ਸਹਿਜ ਪਾਠਾਂ ਅਤੇ ਅਖੰਡ ਪਾਠਾਂ ਦੀ ਚਲਾਈ ਜਾ ਲੜੀ ਇਸ ਗਲ ਦਾ ਪ੍ਰਤੱਖ ਸਬੂਤ ਹੈ ਕਿ ਕਿਸਾਨ ਅੰਦੋਲਨ ਦੇਸ਼ ਦੇ ਕੋਨੇ ਕੋਨੇ ਪਹੁੰਚ ਰਿਹਾ ਹੈ ਅਤੇ ਲੋਕ ਕਿਸਾਨਾਂ ਦੀ ਜਿੱਤ ਲਈ ਅਰਦਾਸ ਬੇਨਤੀਆਂ ਰਾਹੀਂ ਵੀ ਪ੍ਰਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਲੋਕ ਤਨ ਮਨ ਨਾਲ ਸਮਰਪਿਤ ਹਨ ਅਤੇ ਇਹ ਲੋਕ ਮਨਾਂ ਅਤੇ ਦਿਲਾਂ 'ਚ ਗਹਿਰਾਈ ਨਾਲ ਉਤਰ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਕੂਮਤੀ ਜਮਾਤ ਦਾ ਲੋਕਾਂ ਦੇ ਦੁੱਖ ਸੁਖ ਨਾਲ ਹੁਣ ਕੋਈ ਨਾਤਾ ਨਹੀਂ ਰਿਹਾ। ਲੋਕ ਬਿਨਾ ਆਕਸੀਜਨ ਅਤੇ ਦਵਾਈ ਮਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਕਸ਼ਮੀਰ ਦੇ ਲੋਕਾਂ ਨੂੰ ਬੁਲਾ ਕੇ ਗਲ ਕਰਨ ਦਾ ਸਮਾਂ ਹੈ ਪਰ ਦਿਲੀ ਦੀਆਂ ਬਰੂੰਹਾਂ 'ਤੇ ਬੈਠੇ ਕਿਸਾਨਾਂ ਨੂੰ ਸੁਣਨ ਲਈ ਸਮਾਂ ਨਹੀਂ। ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਕਿਸਾਨ ਤਿੱਖੜ ਦੁਪਹਿਰ ਧੁੱਪੇ ਬੈਠਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦਿਨੋਂ ਦਿਨ ਮਜ਼ਬੂਤੀ ਫੜਦੀ ਜਾ ਰਹੀ ਹੈ। ਇਸ ਮੌਕੇ ਪ੍ਰਬੰਧਕ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ, ਭਾਈ ਇਕਬਾਲ ਸਿੰਘ ਤੁੰਗ, ਪ੍ਰੋ: ਸਰਚਾਂਦ ਸਿੰਘ ਖ਼ਿਆਲਾ ਅਤੇ ਭਾਈ ਸਤਨਾਮ ਸਿੰਘ ਅਕਾਲੀ ਵੱਲੋਂ ਐਡਵੋਕੇਟ ਭਾਨੂੰ ਪ੍ਰਤਾਪ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਾਜੇਸ਼ ਸਿੰਘ ਦੇ ਜਥੇ ਵੱਲੋਂ ਰਸਭਿੰਨਾ ਕੀਰਤਨ ਸਰਵਣ ਕਰਾਇਆ ਗਿਆ ਅਤੇ ਭਾਈ ਸੁਰਜੀਤ ਸਿੰਘ ਅਰਦਾਸੀਆ ਵੱਲੋਂ ਚੜ੍ਹਦੀ ਕਲਾ ਅਤੇ ਫ਼ਤਿਹਯਾਬੀ ਲਈ ਅਰਦਾਸ ਕੀਤੀ ਗਈ। ਸਹਿਜ ਪਾਠਾਂ ਦੀ ਸੇਵਾ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਸ: ਨਿਰਮਲ ਸਿੰਘ ਠੇਕੇਦਾਰ ਅਤੇ ਸੰਸਦ ਸ: ਗੁਰਜੀਤ ਸਿੰਘ ਔਜਲਾ ਵੱਲੋਂ ਕਰਾਈ ਜਾ ਰਹੀ ਹੈ। ਇਸ ਮੌਕੇ ਮਾਨਾਵਾਲਾ ਦੇ ਸਰਪੰਚ ਸ: ਸੁਖਰਾਜ ਸਿੰਘ ਰੰਧਾਵਾ, ਸੁਰਿੰਦਰ ਸਿੰਘ ਰੰਧਾਵਾ ਸਰਬਜੀਤ ਸਿੰਘ ਵਡਾਲੀ ਡੋਗਰਾਂ, ਸਰਪੰਚ ਬਲਬੀਰ ਸਿੰਘ ਵਡਾਲੀ ਡੋਗਰਾਂ, ਸ੍ਰੀ ਹਿਜਮ ਰਾਜਿੰਦਰ ਸਿੰਘ, ਸ੍ਰੀ ਸ਼ਿਵਰਾਜ ਸਿੰਘ, ਐਡਵੋਕੇਟ ਪ੍ਰੇਮ ਪ੍ਰਤਾਪ ਸਿੰਘ, ਅਜੀਤ ਸਿੰਘ ਤਲਵੰਡੀ ਡੋਗਰਾਂ ਵੀ ਮੌਜੂਦ ਸਨ।




# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ

**ਜੰਡਿਆਲਾ ਗੁਰ (ਕੁਲਵੰਤ ਸਿੰਘ ਵਿਰਦੀ)** ਅੱਡਾ ਮਾਨਾ ਵਾਲਾ ਕਲਾ ਦੇ ਦੁਕਾਨਦਾਰਾਂ ਵੱਲੋਂ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜਾ ਮਨਾਇਆ ਗਿਆ। ਦਿਹਾੜੇ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਜਿਸ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਤੋਂ ਇਲਾਵਾ, ਸੰਗਤਾਂ ਲਈ ਕੜਾਹ ਪ੍ਰਸ਼ਾਦਿ ਭੰਗੂਰ ਆਦਿ ਦੇ ਲੰਗਰ ਲਗਾਏ ਗਏ। ਇਸ ਮੌਕੇ ਅੱਡਾ ਮਾਰਕੀਟ ਪ੍ਰਧਾਨ ਜਸਬੀਰ ਸਿੰਘ ਭੋਲਾ ਨੇ ਦੱਸਿਆ ਕਿ ਅਰਦਾਸ ਉਪਰੰਤ ਹੀ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 6ਵਜੇ ਤੱਕ ਠੰਡੇ ਮਿੱਠੇ ਜਲ ਦਾ ਲੰਗਰ ਸੰਗਤ ਵਿਚ ਵਰਤਾਏ ਗਏ। ਮਾਰਕੀਟ ਦੇ ਸਾਰੇ ਦੁਕਾਨਦਾਰਾਂ ਅਤੇ ਇਲਾਕੇ ਦੇ ਹੋਰ ਸੇਵਾਦਾਰਾਂ ਨੇ ਵੀ ਬੜੀ ਨਿਮਰਤਾ ਸਹਿਤ ਸੰਗਤਾਂ ਦੀ ਸੇਵਾ ਕਰਕੇ ਆਨੰਦ ਮਾਣੇ ਉਹਨਾਂ ਦੱਸਿਆ ਕਿ ਸੇਵਾਦਾਰਾਂ ਵੱਲੋਂ ਆਉਂਦੀਆਂ ਜਾਂਦੀਆਂ ਸੰਗਤਾਂ ਨੂੰ ਰੋਕ ਰੋਕ ਕੇ ਠੰਡੇ ਮਿੱਠੇ ਜਲ ਛਕਾਏ ਗਏ। ਇਸ ਮੌਕੇ ਅੱਡਾ ਮਾਰਕੀਟ ਦੇ ਪ੍ਰਧਾਨ ਜਸਬੀਰ ਸਿੰਘ ਭੋਲਾ, ਮੀਤ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ, ਜਨਰਲ ਸਕੱਤਰ ਸੱਤਪਾਲ ਸਿੰਘ ਜੀ ਵਸੀਕਾ, ਜਨਰਲ ਸੈਕਟਰੀ ਅਤੁਲ ਨੰਦਾ ਸੈਨਟਰੀ ਸਟੋਰ, ਪਿੰਡ ਮਾਨਾ ਵਾਲਾ ਕਲਾ ਦੇ ਸਰਪੰਚ ਸ੍ਰ ਸੁਖਰਾਜ ਸਿੰਘ ਜੀ ਰੰਧਾਵਾ, ਐਚ, ਡੀ,ਐਫ ਬੈਂਕ ਮੈਨੇਜਰ ਸ੍ਰ ਰਮਨ ਪ੍ਰੀਤ ਸਿੰਘ ਬਾਜਵਾ, ਕੋਪ੍ਰੇਟਿਵ ਬੈਂਕ ਮੈਨੇਜਰ ਸ੍ਰ ਅਬਜਿੰਦਰ ਸਿੰਘ ਜੀ ਸੰਧੂ, ਵਜੀਵ ਟੀ ਸਟਾਲ, ਰੂਪਲਾਲ ਟੀ ਸਟਾਲ, ਪ੍ਰਤਾਪ ਮੋਟਰ ਵਰਕਸ,ਰਸ਼ਪਾਲ ਸਿੰਘ ਦਸ਼ਮੇਸ਼ ਇੰਜੀਨੀਅਰ ਵਰਕਸ, ਸਤਨਾਮ ਸਿੰਘ ਇੰਜੀਨੀਅਰ ਵਰਕਸ, ਨਿਰਮਲ ਸਿੰਘ ਹਾਰਡਵੇਅਰ, ਰਾਜੂ ਢਾਬਾ, ਅੰਜਲੀ ਢਾਬਾ, ਪ੍ਰਵੀਨ ਕੁਮਾਰ, ਕੁਲਦੀਪ ਸਿੰਘ, ਗੁਰਮੀਤ ਸਿੰਘ ਸਿੰਘ ਮੋਟਰ, ਸਿਮਰਨ ਸਿੰਘ, ਰਾਜੂ ਟਾਇਰ ਵਰਕਸ, ਰਣਜੀਤ ਸਿੰਘ ਸਿੰਘ ਪੇਂਟਰ ਚੰਨ ਟੈਂਟ ਹਾਊਸ ਸਤਨਾਮ ਆਟੋ ਵਰਕਸ, ਸਰਦੂਲ ਚੱਕੀ ਵਾਲੇ, ਸੇਵਾਦਾਰ ਬਾਬਾ ਇਕਬਾਲ ਸਿੰਘ, ਮਨਬੀਰ ਸਿੰਘ ਮੰਨ ਆਟੋ ਯੂਨੀਅਨ, ਸੇਵਾਦਾਰ ਸਕੱਤਰ ਸਿੰਘ, ਪੰਚਾਇਤ ਮੈਂਬਰ ਜੈ ਪਾਲ ਸਿੰਘ, ਲਖਵਿੰਦਰ ਸਿੰਘ ਲੱਖਾਂ, ਲਖਵਿੰਦਰ ਸਿੰਘ ਮੋਟਰ ਗੈਰਜ, ਮਨਜੀਤ ਸਿੰਘ, ਪ੍ਰਦੀਪ ਸਿੰਘ, ਸੰਦੀਪ ਆਟੋ ਵਰਕਸ, ਲੁੱਕੀ ਆਦਿ ਨੇ ਸੇਵਾ ਨਿਭਾਈ।

